SEIU 775 BENEFITS GROUP




2026-2027

# ਹੈਲਥਕੇਅਰ ਕਵਰੇਜ ਗਾਈਡ

## ਆਪਣੇ ਵਿਕਲਪਾਂ ਅਤੇ ਅਗਲੇ ਕਦਮਾਂ ਬਾਰੇ ਐਕਸਪਲੋਰ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਅਪਲਾਈ ਕਰਨ ਵਿੱਚ ਮਦਦ ਦੀ ਲੋੜ ਹੈ ਤਾਂ 1-877-606-6705 'ਤੇ ਕਾਲ ਕਰੋ।

**Get healthcare coverage information in your language.**

احصل على معلومات تغطية الرعاية الصحية بلغتك.

获取以您使用的语言提供的健康保险信息。

ទទួលបានព័ត៌មានអំពីការធានារ៉ាប់រងសុខភាពជាភាសារបស់អ្នក។

한국어로 된 의료 보험 정보를 확인하십시오.

ਆਪਣੀ ਭਾਸ਼ਾ ਵਿੱਚ ਹੈਲਥਕੇਅਰ ਕਵਰੇਜ ਬਾਰੇ ਜਾਣਕਾਰੀ ਪ੍ਰਾਪਤ ਕਰੋ।

Получите информацию о медицинском страховом покрытии на вашем языке.

Ku hel macluumaadka ceymiska daryeelka caafimaadka luqaddaada.

Obtenga información sobre la cobertura de atención médica en su idioma.

Отримайте інформацію про покриття медичної страховки своєю мовою.

Nhận thông tin về bảo hiểm chăm sóc sức khỏe bằng ngôn ngữ của bạn.

**myseiu.be/hc**

*ਦੇਖਭਾਲਕਰਤਾ ਦੂਜਿਆਂ ਦੀ ਸੰਭਾਲ ਲਈ ਹਰ ਰੋਜ਼ ਹਾਜ਼ਰ ਹੁੰਦੇ ਹਨ, ਅਤੇ ਤੁਸੀਂ ਵੀ ਦੇਖਭਾਲ ਅਤੇ ਸਹਾਇਤਾ ਦੇ ਹੱਕਦਾਰ ਹੋ।*

*ਸਾਡਾ ਮਕਸਦ ਤੁਹਾਡੇ ਲਈ ਵਧੀਆ ਕੁਆਲਿਟੀ ਦੀਆਂ ਅਤੇ ਕਿਫ਼ਾਇਤੀ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਸੌਖਾ ਬਣਾਉਣਾ ਹੈ ਤਾਂ ਜੋ ਤੁਸੀਂ ਆਪਣੀ ਸਿਹਤ, ਆਪਣੇ ਪਰਿਵਾਰ ਅਤੇ ਆਪਣੇ ਜ਼ਰੂਰੀ ਕੰਮ ਵੱਲ ਧਿਆਨ ਦੇ ਸਕੋ।*

*ਇਹ ਗਾਈਡ ਤੁਹਾਨੂੰ ਤੁਹਾਡੀ ਕਵਰੇਜ ਦੇ ਆਪਸ਼ਨਾਂ ਅਤੇ ਅਪਲਾਈ ਕਰਨ ਦੇ ਪੜਾਵਾਂ ਬਾਰੇ ਜਾਣਕਾਰੀ ਦੇਵੇਗੀ। ਸਾਨੂੰ ਤੁਹਾਡੀ ਅਤੇ ਤੁਹਾਡੇ ਦੁਆਰਾ ਦਿੱਤੀ ਜਾਂਦੀ ਇਸ ਅਹਿਮ ਦੇਖਭਾਲ ਸੇਵਾ ਦੀ ਮਦਦ ਕਰਨ 'ਤੇ ਮਾਣ ਹੈ।*

*ਆਪਣੀ ਹੈਲਥਕੇਅਰ ਕਵਰੇਜ ਨੂੰ ਰੀਵਿਊ ਕਰਨ ਤੋਂ ਬਾਅਦ, ਆਪਣੇ ਹੋਰ ਦੇਖਭਾਲਕਰਤਾ ਬੈਨਿਫ਼ਿਟਾਂ ਬਾਰੇ ਜਾਣਨ ਲਈ ਸਮਾਂ ਕੱਢੋ। ਟ੍ਰੇਨਿੰਗ ਦੇ ਮੌਕਿਆਂ ਅਤੇ ਰਿਟਾਇਰਮੈਂਟ ਦੇ ਬੈਨਿਫ਼ਿਟਾਂ ਤੋਂ ਲੈ ਕੇ ਮੁਫ਼ਤ ਫਿਸਲਣ-ਰੋਧੀ ਜੁੱਤਿਆਂ ਅਤੇ Carina ਰਾਹੀਂ ਨੌਕਰੀ ਲੱਭਣ ਤੱਕ, ਇਹ ਸਾਰੇ ਬੈਨਿਫ਼ਿਟ ਤੁਹਾਡੀ ਮਦਦ ਲਈ ਬਣਾਏ ਗਏ ਹਨ। ਵਧੇਰੇ ਜਾਣਕਾਰੀ ਲਈ myseiu.be/bg 'ਤੇ ਜਾਓ।*



Merissa Clyde, CEO
SEIU 775 Benefits Group

# ਕਵਰੇਜ ਲਈ ਅਪਲਾਈ ਕਰਨ ਵਾਸਤੇ ਪੜਾਅਵਾਰ ਗਾਈਡ

## 1) ਆਪਣੀ ਕਵਰੇਜ ਬਾਰੇ ਜਾਣੋ

- ◯ **ਆਪਣੇ ਕਵਰੇਜ ਆਪਸ਼ਨਾਂ ਨੂੰ ਐਕਸਪਲੋਰ ਕਰੋ ਅਤੇ ਆਪਣੇ ਪਲਾਨ ਦੇ ਵੇਰਵਿਆਂ ਦੀ ਸਮੀਖਿਆ ਕਰੋ** ਤਾਂ ਜੋ ਤੁਸੀਂ ਪ੍ਰਿਸਕ੍ਰਿਪਸ਼ਨਾਂ (ਡਾਕਟਰ ਵੱਲੋਂ ਲਿਖੀਆਂ ਦਵਾਈਆਂ), ਇਲਾਜਾਂ ਅਤੇ ਆਮ ਸੇਵਾਵਾਂ ਲਈ ਤੁਹਾਡੀ ਜੇਬ੍ਹ ਤੋਂ ਹੋਣ ਵਾਲੇ ਖਰਚਿਆਂ ਨੂੰ ਸਮਝ ਸਕੋ।
- ◯ ਇਹ ਦੇਖਣ ਲਈ ਕਿ ਕਿ ਤੁਸੀਂ ਯੋਗਤਾ ਪੂਰੀ ਕਰਦੇ ਹੋ ਜਾਂ ਨਹੀਂ, ਪੰਨਾ 5 'ਤੇ **ਆਪਣੇ ਯੋਗਤਾ ਵੇਰਵਿਆਂ ਦੀ ਸਮੀਖਿਆ ਕਰੋ**।
- ◯ **ਇੱਕ ਕਵਰੇਜ ਵਿਕਲਪ ਅਤੇ ਡੈਂਟਲ ਪਲਾਨ ਚੁਣੋ।**

## 2) ਅਪਲਾਈ ਕਰਨ ਦੀ ਤਿਆਰੀ ਕਰੋ

- ◯ **ਆਪਣੀ ਜਾਣਕਾਰੀ ਇਕੱਠੀ ਕਰੋ।** ਅਪਲਾਈ ਕਰਨ ਵਾਸਤੇ ਤੁਹਾਨੂੰ ਆਪਣੇ ਸੋਸ਼ਲ ਸਿਕਿਓਰਿਟੀ ਨੰਬਰ ਅਤੇ ਐਂਪਲੌਇਅਰ ਦੇ ਨਾਮ ਦੀ ਲੋੜ ਪਵੇਗੀ।
- ◯ **Coverage for Kids (ਬੱਚਿਆਂ ਲਈ ਕਵਰੇਜ): ਆਪਣੇ ਨਿਰਭਰ ਵਿਅਕਤੀ ਲਈ ਤਸਦੀਕ ਦਸਤਾਵੇਜ਼ ਇਕੱਠੇ ਕਰੋ।** ਹੋਰ ਜਾਣਕਾਰੀ ਅਤੇ ਹਦਾਇਤਾਂ ਲਈ ਇੱਥੇ ਜਾਓ **myseiu.be/cfk**.

## 3) ਆਪਣਾ ਹੈਲਥ ਬੈਨਿਫ਼ਿਟਸ ਖਾਤਾ ਬਣਾਓ

- ◯ **ਖਾਤਾ ਕਿਵੇਂ ਬਣਾਉਣਾ ਹੈ, ਇੱਥੋਂ ਸਿੱਖੋ myseiu.be/hba.** ਤੁਹਾਡਾ ਅਕਾਊਂਟ ਤੁਹਾਡੇ ਹੈਲਥ ਬੈਨਿਫ਼ਿਟ ਪ੍ਰਬੰਧਕ, MagnaCare ਵੱਲੋਂ ਮੈਨੇਜ ਕੀਤਾ ਜਾਂਦਾ ਹੈ। ਇਸ ਸਮੇਂ ਅਕਾਊਂਟ ਅੰਗ੍ਰੇਜ਼ੀ ਵਿੱਚ ਉਪਲਬਧ ਹਨ। ਜੇ ਤੁਹਾਨੂੰ ਮਦਦ ਜਾਂ ਭਾਸ਼ਾ ਵਿੱਚ ਮਦਦ ਚਾਹੀਦੀ ਹੈ, ਤਾਂ 1-877-606-6705 'ਤੇ ਕਾਲ ਕਰੋ।

## 4) ਆਪਣੀ ਐਪਲੀਕੇਸ਼ਨ ਜਮ੍ਹਾਂ ਕਰੋ

- ◯ **ਐਪਲੀਕੇਸ਼ਨ ਨੂੰ ਆਖਰੀ ਤਰੀਕ ਤੋਂ** ਪਹਿਲਾਂ **myseiu.be/magnacare** 'ਤੇ ਜਾਂ ਡਾਕ ਰਾਹੀਂ ਪੂਰਾ ਕਰੋ। ਪੰਨਾ 5 'ਤੇ ਹੋਰ ਜਾਣੋ।
- ◯ **Coverage for Kids (ਬੱਚਿਆਂ ਲਈ ਕਵਰੇਜ): ਅਪਲਾਈ ਕਰਦੇ ਸਮੇਂ ਨਿਰਭਰ ਵਿਅਕਤੀਆਂ ਲਈ ਤਸਦੀਕ ਦਸਤਾਵੇਜ਼ ਜਮ੍ਹਾਂ ਕਰੋ**। ਆਪਣੇ ਦਸਤਾਵੇਜ਼ ਜਮ੍ਹਾਂ ਕਰਨ ਦਾ ਤਰੀਕਾ ਇੱਥੋਂ ਸਿੱਖੋ **myseiu.be/cfk**.

ਤੁਹਾਨੂੰ 1 ਦਿਨ ਦੇ ਅੰਦਰ ਈਮੇਲ ਦੁਆਰਾ ਐਪਲੀਕੇਸ਼ਨ ਦੀ ਰਸੀਦ ਅਤੇ 30 ਦਿਨਾਂ ਦੇ ਅੰਦਰ ਚਿੱਠੀ ਕਵਰੇਜ ਦੇ ਫ਼ੈਸਲੇ ਵਾਲੀ ਈਮੇਲ ਮਿਲ ਜਾਵੇਗੀ। ਜੇ ਨਹੀਂ ਮਿਲਦੀ ਹੈ, ਤਾਂ 1-877-606-6705 'ਤੇ ਕਾਲ ਕਰੋ।



ਆਪਣੇ ਦੂਜੇ ਬੱਚੇ ਤੋਂ ਬਾਅਦ, *Dani* ਨੇ ਦੋਵਾਂ ਬੱਚਿਆਂ ਦਾ ਨਾਮਾਂਕਣ *Coverage for Kids* (ਬੱਚਿਆਂ ਲਈ ਕਵਰੇਜ) ਵਿੱਚ ਕਰਵਾਇਆ, ਉਹ ਉਨ੍ਹਾਂ "ਸ਼ਾਨਦਾਰ ਰੇਟਾਂ" ਦੀ ਪ੍ਰਸ਼ੰਸਾ ਕਰਦੀ ਹੈ ਜਿਨ੍ਹਾਂ ਨਾਲ ਉਸਦੇ ਪਰਿਵਾਰ ਨੂੰ ਮਹੀਨੇਵਾਰ ਬਚਤ ਕਰਨ ਵਿੱਚ ਮਦਦ ਮਿਲਦੀ ਹੈ।

**Dani R.**
ਦੇਖਭਾਲਕਰਤਾ, Asotin

# ਹੈਲਥਕੇਅਰ ਕਵਰੇਜ ਦੇ ਆਪਸ਼ਨ

ਸਿਰਫ਼ $25 ਪ੍ਰਤੀ ਮਹੀਨੇ ਵਿੱਚ ਵਧੀਆ ਕੁਆਲਿਟੀ ਦੀ ਹੈਲਥਕੇਅਰ ਕਵਰੇਜ ਪ੍ਰਾਪਤ ਕਰੋ। ਤੁਸੀਂ ਸਿਰਫ਼ ਆਪਣੇ ਆਪ ਨੂੰ ਕਵਰ ਕਰਨ ਜਾਂ ਆਪਣੇ ਨਿਰਭਰ ਬੱਚਿਆਂ ਲਈ ਵੀ Coverage for Kids (ਬੱਚਿਆਂ ਲਈ ਕਵਰੇਜ) ਜੋੜਨ ਦੀ ਚੋਣ ਕਰ ਸਕਦੇ ਹੋ।

### ਵਿਕਲਪ 1

**ਵਿਅਕਤੀਗਤ ਕਵਰੇਜ ਮੈਡੀਕਲ ਅਤੇ ਡੈਂਟਲ**

**$25/ਮਹੀਨਾ**

**ਮਹੀਨੇਵਾਰ ਸਹਿ-ਪ੍ਰੀਮੀਅਮ**

ਪ੍ਰਤੀ ਮਹੀਨੇ ਸਿਰਫ਼ $25 ਵਿੱਚ ਆਪਣੇ ਲਈ ਮੈਡੀਕਲ ਅਤੇ ਡੈਂਟਲ ਕਵਰੇਜ ਪ੍ਰਾਪਤ ਕਰੋ।

**ਮਹੀਨੇਵਾਰ ਸਹਿ-ਪ੍ਰੀਮੀਅਮ:** ਉਹ ਰਕਮ ਜਿਸਦਾ ਭੁਗਤਾਨ ਤੁਸੀਂ ਆਪਣੀ ਹੈਲਥ ਕਵਰੇਜ ਵਾਸਤੇ ਹਰ ਮਹੀਨੇ ਭੁਗਤਾਨ ਕਰਦੇ ਹੋ। ਵੇਰਵਿਆਂ ਲਈ ਪੰਨਾ 6 ਦੇਖੋ।

**ਯੋਗਤਾ**

ਹਰ ਮਹੀਨੇ 80 ਘੰਟਿਆਂ ਜਾਂ ਇਸਤੋਂ ਵੱਧ ਲਈ ਕੰਮ ਕਰੋ।

### ਵਿਕਲਪ 2

**ਵਿਅਕਤੀਗਤ ਕਵਰੇਜ + Coverage for Kids (ਬੱਚਿਆਂ ਲਈ ਕਵਰੇਜ) ਮੈਡੀਕਲ ਅਤੇ ਡੈਂਟਲ**

**$125/ਮਹੀਨਾ**

**ਮਹੀਨੇਵਾਰ ਸਹਿ-ਪ੍ਰੀਮੀਅਮ**

ਆਪਣੇ ਲਈ, ਅਤੇ ਨਾਲ ਹੀ ਆਪਣੇ ਬੱਚਿਆਂ ਲਈ, ਪ੍ਰਤੀ ਮਹੀਨੇ ਸਿਰਫ਼ $125 ਵਿੱਚ ਮੈਡੀਕਲ ਅਤੇ ਡੈਂਟਲ ਕਵਰੇਜ ਪ੍ਰਾਪਤ ਕਰੋ।

### ਵਿਕਲਪ 3

**ਵਿਅਕਤੀਗਤ ਕਵਰੇਜ + Coverage for Kids (ਬੱਚਿਆਂ ਲਈ ਕਵਰੇਜ) ਸਿਰਫ਼ ਡੈਂਟਲ**

**$35/ਮਹੀਨਾ**

**ਮਹੀਨੇਵਾਰ ਸਹਿ-ਪ੍ਰੀਮੀਅਮ**

ਪ੍ਰਤੀ ਮਹੀਨੇ ਸਿਰਫ਼ $35 ਵਿੱਚ, ਆਪਣੇ ਲਈ ਮੈਡੀਕਲ ਅਤੇ ਡੈਂਟਲ ਕਵਰੇਜ ਪ੍ਰਾਪਤ ਕਰੋ, ਅਤੇ ਨਾਲ ਹੀ ਆਪਣੇ ਬੱਚਿਆਂ ਲਈ ਡੈਂਟਲ ਕਵਰੇਜ ਪ੍ਰਾਪਤ ਕਰੋ।

**ਖਰਚਾ ਉੱਨਾ ਹੀ ਪੈਂਦਾ ਹੈ, ਭਾਵੇਂ ਤੁਸੀਂ ਜਿੰਨੇ ਮਰਜ਼ੀ ਬੱਚਿਆਂ ਨੂੰ ਜੋੜ ਲਓ!**
ਤੁਸੀਂ ਯੋਗ ਨਿਰਭਰ ਬੱਚਿਆਂ ਨੂੰ ਉਨ੍ਹਾਂ ਦੇ 26ਵੇਂ ਜਨਮ ਦਿਨ ਤੱਕ ਸ਼ਾਮਲ ਕਰ ਸਕਦੇ ਹੋ, ਜਿਨ੍ਹਾਂ ਵਿੱਚ ਸਕੇ, ਗੋਦ ਲਏ ਹੋਏ, ਮਤਰੇਏ ਬੱਚੇ ਅਤੇ ਘਰੇਲੂ ਸਾਥੀ ਦੇ ਬੱਚੇ ਸ਼ਾਮਲ ਹਨ।

**ਯੋਗਤਾ**

ਹਰ ਮਹੀਨੇ 120 ਘੰਟਿਆਂ ਜਾਂ ਇਸਤੋਂ ਵੱਧ ਲਈ ਕੰਮ ਕਰੋ।

# ਕਵਰੇਜ ਦੇ ਬੈਨਿਫ਼ਿਟ

## ਮੁਫ਼ਤ ਪ੍ਰਾਇਮਰੀ ਕੇਅਰ ਮੁਲਾਕਾਤਾਂ

ਵੈਲਨੈੱਸ ਵਿਜ਼ਿਟ (ਤੰਦਰੁਸਤੀ ਦੀ ਜਾਂਚ) ਲਈ ਜਾਂ ਜਦੋਂ ਤੁਸੀਂ ਬਿਮਾਰ ਹੁੰਦੇ ਹੋ ਤਾਂ ਆਪਣੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨੂੰ ਕੋਲ ਜਾਣ ਲਈ ਕੋਈ ਖਰਚਾ ਨਹੀਂ ਹੁੰਦਾ। ਵਰਚੁਅਲ ਕੇਅਰ ਦੀ ਸਹੂਲਤ ਵੀ ਉਪਲਬਧ ਹੈ, ਤਾਂ ਜੋ ਤੁਸੀਂ ਘਰ ਬੈਠੇ ਹੀ ਇਲਾਜ ਪ੍ਰਾਪਤ ਕਰ ਸਕੋ। ਟੈਸਟ ਕਰਾਉਣ ਜਾਂ ਵਾਧੂ ਸੇਵਾਵਾਂ ਲਈ ਖਰਚਾ ਹੋ ਸਕਦਾ ਹੈ।

## ਤਤਕਾਲ ਅਤੇ ਐਮਰਜੈਂਸੀ ਦੇਖਭਾਲ

ਤੁਹਾਡੇ ਪਲਾਨ ਵਿੱਚ ਤਤਕਾਲ ਦੇਖਭਾਲ ਅਤੇ ਐਮਰਜੈਂਸੀ ਰੂਮ ਦੇ ਦੌਰੇ ਸ਼ਾਮਲ ਹੁੰਦੇ ਹਨ। ਜਦੋਂ ਤੁਹਾਡਾ ਡਾਕਟਰ ਉਪਲਬਧ ਨਾ ਹੋਵੇ ਤਾਂ ਤਤਕਾਲ ਦੇਖਭਾਲ ਗੈਰ-ਐਮਰਜੈਂਸੀ ਸਮੱਸਿਆਵਾਂ ਲਈ ਇੱਕ ਸੁਵਿਧਾਜਨਕ ਆਪਸ਼ਨ ਹੁੰਦੀ ਹੈ। ਐਮਰਜੈਂਸੀ ਕੇਅਰ ਦੀ ਵਰਤੋਂ ਗੰਭੀਰ ਜਾਂ ਜਾਨਲੇਵਾ ਸਥਿਤੀਆਂ ਲਈ ਹੁੰਦੀ ਹੈ।

## ਪ੍ਰਿਸਕ੍ਰਿਪਸ਼ਨ (ਡਾਕਟਰ ਵੱਲੋਂ ਲਿਖੀ ਦਵਾਈ)

ਤੁਹਾਡੇ ਕੋਲ ਕਈ ਤਰ੍ਹਾਂ ਦੀਆਂ ਪ੍ਰਿਸਕ੍ਰਿਪਸ਼ਨ ਦਵਾਈਆਂ ਤੱਕ ਪਹੁੰਚ ਹੁੰਦੀ ਹੈ, ਜਿਨ੍ਹਾਂ ਵਿੱਚ ਘਰ ਬੈਠੇ ਡਾਕ ਰਾਹੀਂ ਦਵਾਈਆਂ ਮੰਗਵਾਉਣ (ਮੇਲ-ਆਰਡਰ) ਦੀ ਸਹੂਲਤ ਵੀ ਸ਼ਾਮਲ ਹੈ।

## ਮਾਨਸਿਕ ਸਿਹਤ

ਤੁਹਾਡੀ ਕਵਰੇਜ ਵਿੱਚ ਪੇਸ਼ੇਵਰ ਮਾਨਸਿਕ ਸਿਹਤ ਸਹਾਇਤਾ, ਦਵਾਈਆਂ ਦਾ ਪ੍ਰਬੰਧ, ਗਰੁੱਪ ਥੈਰੇਪੀ, ਆਲਟਰਨੇਟਿਵ ਇਲਾਜ ਅਤੇ ਆਪਣੀ ਦੇਖਭਾਲ ਖੁਦ ਕਰਨ ਵਾਲੇ ਟੂਲਜ਼ ਅਤੇ ਪ੍ਰੋਗਰਾਮਾਂ ਤੱਕ ਪਹੁੰਚ ਵੀ ਸ਼ਾਮਲ ਹੈ।

## ਵੈਲਨੈਸ ਕੋਚਿੰਗ ਅਤੇ ਪ੍ਰੋਗਰਾਮ

ਲੰਬੇ ਸਮੇਂ ਦੀਆਂ ਪੁਰਾਣੀਆਂ ਬਿਮਾਰੀਆਂ ਨਾਲ ਨਜਿੱਠਣ ਅਤੇ ਆਪਣੀ ਸਮੁੱਚੀ ਸਿਹਤ ਵਿੱਚ ਸੁਧਾਰ ਲਿਆਉਣ ਲਈ ਵਿਅਕੀਗਤ ਸਹਾਇਤ ਲਵੋ। ਤੁਹਾਡੇ ਪਲਾਨ ਵਿੱਚ ਵੈਲਨੈੱਸ ਕੋਚਿੰਗ, ਕੇਅਰ ਟੀਮ ਦੀ ਗਾਈਡੈਂਸ ਅਤੇ ਤੁਹਾਡੀ ਸਿਹਤ ਵਿੱਚ ਹੋ ਰਹੇ ਸੁਧਾਰ 'ਤੇ ਨਜ਼ਰ ਰੱਖਣ ਲਈ ਜ਼ਰੂਰੀ ਟੂਲ ਸ਼ਾਮਲ ਹਨ।

## ਮਸਾਜ ਅਤੇ ਕਾਇਰੋਪ੍ਰੈਕਟਿਕ

ਫਿਜ਼ੀਕਲ ਥੈਰੇਪੀ, ਮਸਾਜ (ਮਾਲਿਸ਼), ਹਾਇਰੋਪ੍ਰੈਕਟਿਕ ਕੇਅਰ, ਐਕਿਊਪੰਕਚਰ ਅਤੇ ਵਰਚੁਅਲ ਵੈੱਲਨੈੱਸ (ਘਰ ਬੈਠੇ ਕੀਤੇ ਜਾਣ ਵਾਲੇ ਸਿਹਤ) ਪ੍ਰੋਗਰਾਮਾਂ ਲਈ ਘੱਟ ਖਰਚੇ ਵਾਲੇ ਆਪਸ਼ਨ ਮੌਜੂਦ ਹਨ।

## ਨਜ਼ਰ ਸਬੰਧੀ

VSP ਰਾਹੀਂ ਅੱਖਾਂ ਦੀ ਕਵਰੇਜ ਵਿੱਚ ਅੱਖਾਂ ਦੇ ਰੁਟੀਨ ਮੁਆਇਨੇ, ਐਨਕਾਂ ਜਾਂ ਕੰਟੈਕਟ ਲੈਂਜ਼ਾਂ ਲਈ ਅਲਾਓਂਸ (ਭੱਤਾ) ਅਤੇ ਅੱਖਾਂ ਦੇ ਡਾਕਟਰਾਂ ਦੇ ਇੱਕ ਵਿਸ਼ਾਲ ਨੈੱਟਵਰਕ ਤੱਕ ਪਹੁੰਚ ਦੀ ਸਹੂਲਤ ਸ਼ਾਮਲ ਹੈ।

## ਸੁਣਨ ਸਬੰਧੀ

EPIC Hearing ਰਾਹੀਂ, ਤੁਸੀਂ ਅਤੇ ਤੁਹਾਡੇ ਬੱਚੇ ਨੈੱਟਵਰਕ ਵਿੱਚ ਮੌਜੂਦ (ਇਨ-ਨੈੱਟਵਰਕ) ਡਾਕਟਰਾਂ ਕੋਲੋਂ ਸੁਣਨ ਸ਼ਕਤੀ ਦੀ ਜਾਂਚ ਕਰਵਾ ਸਕਦੇ ਹੋ ਅਤੇ ਸੁਣਨ ਵਾਲੀਆਂ ਮਸ਼ੀਨਾਂ ਲਈ ਮਦਦ ਪ੍ਰਾਪਤ ਕਰ ਸਕਦੇ ਹੋ।

## ਪਰਿਵਾਰ ਵਧਾਉਣ, ਪ੍ਰਜਣਨ ਅਤੇ ਅੱਧਖੜ ਉਮਰ ਦੀ ਦੇਖਭਾਲ

ਤੁਸੀਂ ਜਣਨ-ਸ਼ਕਤੀ (ਫ਼ਰਟਿਲਿਟੀ) ਅਤੇ ਪਰਿਵਾਰ ਵਧਾਉਣ ਤੋਂ ਲੈ ਕੇ ਗਰਭ ਅਵਸਥਾ, ਪੋਸਟਪਾਰਟਮ (ਜਣੇਪੇ ਤੋਂ ਬਾਅਦ ਦੀ ਦੇਖਭਾਲ) ਅਤੇ ਮੇਨੋਪੌਜ਼ ਤੱਕ, ਜੀਵਨ ਦੇ ਹਰ ਪੜਾਅ ਲਈ ਬੈਨਿਫ਼ਿਟ ਪ੍ਰਾਪਤ ਕਰ ਸਕਦੇ ਹੋ। ਬਿਲਕੁਲ ਨਵੇਂ ਇਲਾਜਾਂ, ਵਿਸ਼ੇਸ਼ ਵਿਅਕਤੀਗਤ ਮਦਦ ਅਤੇ ਆਹਮੋ-ਸਾਹਮਣੇ ਜਾਂ ਵਰਚੁਅਲ ਦੇਖਭਾਲ ਵਾਸਤੇ ਕਵਰੇਜ ਪ੍ਰਾਪਤ ਕਰੋ।

## ਬੈਨਿਫ਼ਿਟਾਂ ਦੀ ਪੂਰੀ ਸੂਚੀ ਲਈ ਆਪਣੇ ਪਲਾਨ ਦੇ ਵੇਰਵੇ ਦੇਖੋ।

ਇਹ ਤੁਹਾਡੇ ਮੈਡੀਕਲ ਅਤੇ ਡੈਂਟਲ ਪਲਾਨਾਂ ਦਾ ਪੂਰਾ ਵੇਰਵਾ ਦਿੰਦਾ ਹੈ, ਜਿਸ ਵਿੱਚ ਤੁਹਾਡੀ ਜੇਬ੍ਹ ਤੋਂ ਹੋਣ ਵਾਲੇ ਖਰਚੇ, ਪ੍ਰਿਸਕ੍ਰਿਪਸ਼ਨਾਂ, ਮੁਲਾਕਾਤਾਂ ਅਤੇ ਇਲਾਜ ਲਈ ਕਵਰੇਜ ਸ਼ਾਮਲ ਹਨ।

***Deborah ਨੂੰ ਹਾਲ ਹੀ ਵਿੱਚ ਓਪਨ ਹਾਰਟ ਸਰਜਰੀ ਕਰਵਾਉਣ ਦੀ ਲੋੜ ਸੀ ਜਿਸ ਵਿੱਚ ਕਵਰੇਜ ਦੇ ਬਗੈਰ ਉਸਦੇ ਲੱਖਾਂ ਡਾਲਰ ਖਰਚ ਹੋ ਜਾਣੇ ਸਨ। ਖਰਚਿਆਂ ਬਾਰੇ ਘੱਟ ਚਿੰਤਾ ਕਰਦੇ ਹੋਏ, ਉਹ ਕਹਿੰਦੀ ਹੈ, "ਮੈਂ ਖੁਦ 'ਤੇ ਅਤੇ ਆਪਣੇ ਇਲਾਜ 'ਤੇ ਧਿਆਨ ਦੇ ਸਕੀ"।***

**Deborah M.**
ਦੇਖਭਾਲਕਰਤਾ, Vancouver





Melissa E.
ਦੇਖਭਾਲਕਰਤਾ, Seattle

# ਡੈਂਟਲ ਪਲਾਨਾਂ ਦੇ ਵਿਕਲਪ

ਦੰਦਾਂ ਦੀ ਦੇਖਭਾਲ ਤੁਹਾਡੀ ਹੈਲਥਕੇਅਰ ਕਵਰੇਜ ਵਿੱਚ ਸ਼ਾਮਲ ਹੁੰਦੀ ਹੈ। ਪਲਾਨਾਂ ਵਿਚਾਲੇ ਫਰਕ ਦੀ ਤੁਲਨਾ ਕਰਨ ਲਈ ਚਾਰਟ ਦੀ ਵਰਤੋਂ ਕਰੋ ਅਤੇ ਆਪਣੇ ਲਈ ਸਭ ਤੋਂ ਵਧੀਆ ਪਲਾਨ ਚੁਣੋ।

| | DELTA DENTAL | Willamette Dental |
|---|---|---|
| **ਸਲਾਨਾ ਵੱਧੋ-ਵੱਧ ਬੈਨਿਫ਼ਿਟ** | **$5,000** | **ਕਦੇ ਵੀ ਨਹੀਂ** |
| **ਕਟੌਤੀਯੋਗ** | **$0** | **$0** |
| **ਨਿਯਮਿਤ ਜਾਂਚਾਂ** | **ਪੂਰੀ ਤਰ੍ਹਾਂ ਕਵਰ ਕੀਤਾ ਗਿਆ** | **ਪੂਰੀ ਤਰ੍ਹਾਂ ਕਵਰ ਕੀਤਾ ਗਿਆ** |
| **ਆੱਰਥੋਡੌਂਸ਼ੀਆ ਲਾਭ** | **ਹਾਂ** | **ਹਾਂ** |
| **ਪ੍ਰਦਾਤਾ ਨੈੱਟਵਰਕ** | Delta Dental ਕੋਲ ਪ੍ਰਦਾਤਾਵਾਂ ਦਾ ਇੱਕ ਬਹੁਤ ਵੱਡਾ ਨੈੱਟਵਰਕ ਹੈ, ਜਿਸ ਵਿੱਚ ਪੇਂਡੂ ਇਲਾਕੇ ਵੀ ਸ਼ਾਮਲ ਹਨ। ਤੁਸੀਂ ਆਪਣੇ ਅਧਿਕਤਮ ਲਾਭ ਲੈਣ ਲਈ ਕੋਈ Delta Dental PPO ਡੈਂਟਿਸਟ ਲੱਭਣਾ ਚਾਹੋਗੇ। | ਪੱਛਮੀ ਵਾਸ਼ਿੰਗਟਨ ਵਿੱਚ Willamette Dental ਦੇ ਬਹੁਤ ਸਾਰੇ ਲੋਕੇਸ਼ਨ ਹਨ, ਜਿਸ ਨਾਲ ਤੁਹਾਡੇ ਲਈ I-5 ਕੋਰੀਡੋਰ ਦੇ ਆਲੇ-ਦੁਆਲੇ Willamette ਡੈਂਟਿਸਟ ਲੱਭਣਾ ਅਸਾਨ ਹੋ ਜਾਂਦਾ ਹੈ। |
| **ਆਪਣੇ ਨੇੜੇ ਕਿਸੇ ਡੈਂਟਿਸਟ ਨੂੰ ਲੱਭੋ** | **deltadentalwa.com/fad/search** **ਆਪਣੇ ਖੋਜ ਨਤੀਜਿਆਂ ਨੂੰ ਫ਼ਿਲਟਰ ਕਰਨ ਲਈ 'Delta Dental PPO' ਦੀ ਚੋਣ ਕਰੋ।** | **locations.willamettedental.com** **ਖੋਜ ਵਿੱਚ ਆਪਣਾ ZIP ਕੋਡ ਪਾਓ।** |
| **ਵਧੇਰੇ ਜਾਣਕਾਰੀ** | **1-800-554-1907** **DeltaDentalWA.com** | **1-855-433-6825** **myseiu.be/willamette** |

# ਹੈਲਥਕੇਅਰ ਕਵਰੇਜ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

### ਮੈਂ ਵਿਅਕਤੀਗਤ ਕਵਰੇਜ ਲਈ ਯੋਗ ਕਿਵੇਂ ਹੋ ਸਕਦਾ/ਸਕਦੀ ਹਾਂ?

ਵਿਅਕਤੀਗਤ ਕਵਰੇਜ ਲਈ ਯੋਗ ਬਣਨ ਵਾਸਤੇ ਤੁਹਾਨੂੰ ਲਗਾਤਾਰ 2 ਮਹੀਨਿਆਂ ਲਈ, **ਇੱਕ ਮਹੀਨੇ ਵਿੱਚ 80 ਜਾਂ ਇਸਤੋਂ ਵੱਧ ਘੰਟਿਆਂ** ਲਈ ਕੰਮ ਕਰਨਾ ਪਵੇਗਾ।

### ਮੈਂ ਕਿਵੇਂ ਅਪਲਾਈ ਕਰਾਂ?

**myseiu.be/magnacare 'ਤੇ ਔਨਲਾਈਨ ਅਪਲਾਈ ਕਰੋ।**
ਜੇ ਤੁਹਾਨੂੰ ਹੈਲਥ ਬੈਨਿਫ਼ਿਟਸ ਲਈ ਐਪਲੀਕੇਸ਼ਨ ਮਿਲਦੀ ਹੈ ਤਾਂ ਤੁਸੀਂ ਪੂਰੀ ਕੀਤੀ ਐਪਲੀਕੇਸ਼ਨ ਨੂੰ ਇਸ ਉੱਪਰ ਦਿੱਤੇ ਗਏ ਪਤੇ 'ਤੇ ਡਾਕ ਰਾਹੀ ਭੇਜ ਸਕਦੇ ਹੋ ਜਾਂ ਇਸ 'ਤੇ ਦਿੱਤੇ ਫ਼ੈਕਸ ਨੰਬਰ 'ਤੇ ਫ਼ੈਕਸ ਕਰ ਸਕਦੇ ਹੋ। ਅਮਰੀਕੀ ਡਾਕ-ਟਿਕਟ ਜ਼ਰੂਰੀ ਹੈ।

ਤੁਹਾਨੂੰ 1 ਦਿਨ ਦੇ ਅੰਦਰ ਈਮੇਲ ਦੁਆਰਾ ਐਪਲੀਕੇਸ਼ਨ ਦੀ ਰਸੀਦ ਅਤੇ 30 ਦਿਨਾਂ ਦੇ ਅੰਦਰ ਕਵਰੇਜ ਦੇ ਫ਼ੈਸਲੇ ਵਾਲੀ ਚਿੱਠੀ ਜਾਂ ਈਮੇਲ ਮਿਲ ਜਾਵੇਗੀ। ਜੇ ਨਹੀਂ ਮਿਲਦੀ ਹੈ, ਤਾਂ 1-877-606-6705 'ਤੇ ਕਾਲ ਕਰੋ।

### ਮੈਂ ਕਦੋਂ ਅਪਲਾਈ ਕਰ ਸਕਦਾ/ਸਕਦੀ ਹਾਂ?

ਅਜਿਹੇ 3 ਮੌਕੇ ਹੁੰਦੇ ਹਨ ਜਦੋਂ ਤੁਸੀਂ ਕਵਰੇਜ ਲਈ ਅਪਲਾਈ ਕਰ ਸਕਦੇ ਹੋ:

**1. ਸ਼ੁਰੂਆਤੀ ਯੋਗਤਾ:** ਤੁਹਾਡੀ ਨਵੀਂ ਯੋਗ ਨਾਮਾਂਕਣ ਸਬੰਧੀ ਸਮੱਗਰੀ 'ਤੇ ਲਿਖੀ ਤਰੀਕ ਤੋਂ 60 ਦਿਨਾਂ ਦੇ ਅੰਦਰ। ਸ਼ੁਰੂਆਤੀ ਯੋਗਤਾ ਉਹ ਹੁੰਦੀ ਹੈ ਜਦੋਂ ਤੁਸੀਂ ਪਹਿਲੀ ਵਾਰ ਯੋਗਤਾ ਪੂਰੀ ਕਰਦੇ ਹੋ।

**2. Open Enrollment (ਖੁੱਲ੍ਹਾ ਨਾਮਾਂਕਣ):** ਹਰ ਸਾਲ 1-20 ਜੁਲਾਈ। **ਜੇ ਤੁਸੀਂ ਪਹਿਲਾਂ ਹੀ ਨਾਮਾਂਕਣ ਕਰਾ ਚੁਕੇ ਹੋ ਤਾਂ ਤੁਹਾਡੀ ਕਵਰੇਜ ਆਪਣੇ ਆਪ ਰੀਨਿਊ ਹੋ ਜਾਂਦੀ ਹੈ, ਜਦ ਤੱਕ ਤੁਸੀਂ ਇਸ ਵਿੱਚ ਕੋਈ ਤਬਦੀਲੀਆਂ ਨਾ ਕਰਨਾ ਚਾਹੁੰਦੇ ਹੋਵੋ,** ਉਦੋਂ ਤੱਕ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੁੰਦੀ।

**3. ਯੋਗਤਾ ਪੂਰੀ ਕਰਨ ਵਾਲੀ ਜੀਵਨ ਘਟਨਾ (QLE):** ਕਿਸੇ ਅਜਿਹੀ QLE ਦੇ 30 ਦਿਨਾਂ ਦੇ ਅੰਦਰ ਜੋ ਤੁਹਾਡੀਆਂ ਸਿਹਤ ਬੀਮੇ ਦੀਆਂ ਲੋੜਾਂ ਨੂੰ ਬਦਲ ਦਿੰਦੀ ਹੈ। QLEs ਦੀਆਂ ਉਦਾਹਰਨਾਂ ਵਿੱਚ ਬੱਚੇ ਨੂੰ ਗੋਦ ਲੈਣਾ, ਕੋਈ ਹੋਰ ਹੈਲਥਕੇਅਰ ਕਵਰੇਜ ਨੂੰ ਗੁਆ ਬੈਠਣਾ ਜਾਂ ਤਲਾਕ ਲੈਣਾ ਸ਼ਾਮਲ ਹਨ। ਵਧੇਰੇ ਜਾਣਕਾਰੀ ਲਈ, ਇੱਥੇ ਜਾਓ **myseiu.be/qle**।

### ਮੈਂ Coverage for Kids (ਬੱਚਿਆਂ ਲਈ ਕਵਰੇਜ) ਲਈ ਯੋਗ ਕਿਵੇਂ ਹੋ ਸਕਦਾ/ਸਕਦੀ ਹਾਂ?

Coverage for Kids (ਬੱਚਿਆਂ ਲਈ ਕਵਰੇਜ) ਲਈ ਯੋਗ ਬਣਨ ਵਾਸਤੇ ਤੁਹਾਨੂੰ **ਇੱਕ ਮਹੀਨੇ ਵਿੱਚ 120 ਜਾਂ ਇਸਤੋਂ ਵੱਧ ਘੰਟਿਆਂ** ਲਈ ਕੰਮ ਕਰਨਾ ਪਵੇਗਾ।

### ਮੈਂ Coverage for Kids (ਬੱਚਿਆਂ ਲਈ ਕਵਰੇਜ) ਵਿੱਚ ਕਿਸ ਨੂੰ ਸ਼ਾਮਲ ਕਰ ਸਕਦਾ/ਸਕਦੀ ਹਾਂ?

ਤੁਸੀਂ ਯੋਗ ਬੱਚਿਆਂ ਨੂੰ ਉਨ੍ਹਾਂ ਦੇ 26ਵੇਂ ਜਨਮ ਦਿਨ ਤੱਕ ਸ਼ਾਮਲ ਕਰ ਸਕਦੇ ਹੋ। ਯੋਗ ਨਿਰਭਰ ਬੱਚਿਆਂ ਵਿੱਚ ਸਕੇ, ਗੋਦ ਲਏ ਹੋਏ, ਮਤਰੇਏ ਬੱਚੇ ਅਤੇ ਤੁਹਾਡੇ ਘਰੇਲੂ ਸਾਥੀ ਦੇ ਬੱਚੇ ਸ਼ਾਮਲ ਹੁੰਦੇ ਹਨ।

ਉਨ੍ਹਾਂ ਨੂੰ ਤੁਹਾਡੇ ਵਾਲੇ ਪਲਾਨ ਵਿੱਚ ਹੀ ਨਾਮਾਂਕਿਤ ਕੀਤਾ ਜਾਂਦਾ ਹੈ ਅਤੇ ਸਿਰਫ਼ 1 ਦੇਖਭਾਲਕਰਤਾ ਦੇ ਅਧੀਨ ਹੀ ਨਾਮਾਂਕਿਤ ਕੀਤਾ ਜਾ ਸਕਦਾ ਹੈ। ਕਵਰੇਜ ਬਾਹਰੀ ਪਲਾਨਾਂ ਨਾਲ ਤਾਲਮੇਲ ਕਰ ਸਕਦੀ ਹੈ। ਵਧੇਰੇ ਜਾਣਕਾਰੀ ਲਈ, 1-877-606-6705 'ਤੇ ਕਾਲ ਕਰੋ।

### ਮੈਂ Coverage for Kids (ਬੱਚਿਆਂ ਲਈ ਕਵਰੇਜ) ਨੂੰ ਕਿਵੇਂ ਸ਼ਾਮਲ ਕਰਾਂ?

**1.** ਔਨਲਾਈਨ ਜਾਂ ਪ੍ਰਿੰਟ ਕੀਤੀ ਹੋਈ ਐਪਲੀਕੇਸ਼ਨ ਦੇ **Coverage for Kids (ਬੱਚਿਆਂ ਲਈ ਕਵਰੇਜ) ਵਾਲੇ ਭਾਗ ਨੂੰ ਪੂਰਾ ਕਰੋ।**

**2. ਇੱਕ ਕਵਰੇਜ ਵਿਕਲਪ ਚੁਣੋ:** ਮੈਡੀਕਲ ਅਤੇ ਡੈਂਟਲ ਜਾਂ ਸਿਰਫ਼-ਡੈਂਟਲ।

**3. ਆਪਣੇ ਨਿਰਭਰ ਵਿਅਕਤੀਆਂ ਲਈ ਵੈਰੀਫਿਕੇਸ਼ਨ (ਤਸਦੀਕ) ਦਸਤਾਵੇਜ਼ ਜਮ੍ਹਾਂ ਕਰੋ**
ਆਪਣੀ ਅਰਜ਼ੀ ਦੇ ਨਾਲ ਹੀ ਜਾਂ ਅਪਲਾਈ ਕਰਨ ਦੇ 60 ਦਿਨਾਂ ਦੇ ਅੰਦਰ**। ਸਵੀਕਾਰ ਕੀਤੇ ਜਾਂਦੇ ਦਸਤਾਵੇਜ਼ਾਂ ਦੀਆਂ ਉਦਾਹਰਣਾਂ ਵਿੱਚ ਸਰਕਾਰ ਦੁਆਰਾ ਜਾਰੀ ਕੀਤੇ ਜਨਮ ਸਰਟੀਫ਼ਿਕੇਟ ਅਤੇ ਟੈਕਸ ਰਿਟਰਨਾਂ ਦੀਆਂ ਕਾਪੀਆਂ ਸ਼ਾਮਲ ਹਨ ਜਿਨ੍ਹਾਂ ਵਿੱਚ ਉਨ੍ਹਾਂ ਨਿਰਭਰ ਵਿਅਕਤੀਆਂ ਦੀ ਸੂਚੀ ਹੁੰਦੀ ਹੈ ਜਿਨ੍ਹਾਂ ਨੂੰ ਤੁਸੀਂ ਆਪਣੀ ਕਵਰੇਜ ਵਿੱਚ ਸ਼ਾਮਲ ਕਰਨਾ ਚਾਹੁੰਦੇ ਹੋ।

**ਬੱਚਿਆਂ ਦਾ ਪਹਿਲੀ ਵਾਰ ਨਾਮਾਂਕਣ ਕਰਨ ਸਮੇਂ ਨਿਰਭਰ ਵਿਅਕਤੀ ਲਈ ਤਸਦੀਕ ਦੀ ਲੋੜ ਹੁੰਦੀ ਹੈ। ਤੁਹਾਨੂੰ ਪਹਿਲਾਂ ਤੋਂ ਤਸਦੀਕ ਕੀਤੇ ਦਸਤਾਵੇਜ਼ਾਂ ਨੂੰ ਉਦੋਂ ਤੱਕ ਦੁਬਾਰਾ ਜਮ੍ਹਾਂ ਕਰਾਉਣ ਦੀ ਲੋੜ ਨਹੀਂ ਹੁੰਦੀ ਜਦੋਂ ਤੱਕ ਮੰਗੇ ਨਾ ਜਾਣ।

**ਹੇਠਾਂ ਦਿੱਤਿਆਂ ਬਾਰੇ ਵਧੇਰੇ ਜਾਣਕਾਰੀ ਲਈ myseiu.be/cfk 'ਤੇ ਜਾਓ:**

- Coverage for Kids (ਬੱਚਿਆਂ ਲਈ ਕਵਰੇਜ) ਕਿਵੇਂ ਅਪਲਾਈ ਕਰੀਏ।
- ਤੁਸੀਂ ਕਵਰੇਜ ਵਿੱਚ ਕਿਸਨੂੰ ਸ਼ਾਮਲ ਕਰ ਸਕਦੇ ਹੋ।
- ਵੈਰੀਫਿਕੇਸ਼ਨ ਦੇ ਕਾਗਜ਼ਾਤ ਜਮ੍ਹਾਂ ਕਰਨਾ।

## ਅਜੇ ਯੋਗ ਨਹੀਂ ਹੋ? ਤੁਸੀਂ ਅਜੇ ਵੀ Open Enrollment (ਖੁੱਲ੍ਹੇ ਨਾਮਾਂਕਣ) ਦੇ ਦੌਰਾਨ ਅਪਲਾਈ ਕਰ ਸਕਦੇ ਹੋ।

ਜਦੋਂ ਤੁਸੀਂ ਇੱਕ ਮਹੀਨੇ ਵਿੱਚ 80+ ਵੱਧ ਘੰਟੇ ਕੰਮ ਕਰਦੇ ਹੋ, ਤਾਂ ਆਪਣੀ ਵਿਅਕਤੀਗਤ ਕਵਰੇਜ ਸ਼ੁਰੂ ਕਰਨ ਲਈ ਐਪਲੀਕੇਸ਼ਨ* ਜਮ੍ਹਾ ਕਰੋ। Coverage for Kids (ਬੱਚਿਆਂ ਲਈ ਕਵਰੇਜ) ਉਦੋਂ ਸ਼ੁਰੂ ਹੁੰਦੀ ਹੈ ਜਦੋਂ ਤੁਸੀਂ ਮਹੀਨੇ ਵਿੱਚ 120 + ਘੰਟੇ ਕੰਮ ਕਰਦੇ ਹੋ।

ਜੇ ਤੁਸੀਂ ਫ਼ਿਲਹਾਲ ਇੱਕ ਮਹੀਨੇ ਵਿੱਚ 80+ ਘੰਟਿਆਂ ਲਈ ਕੰਮ ਨਹੀਂ ਕਰਦੇ ਹੋ, ਤਾਂ ਤੁਸੀਂ ਔਨਲਾਈਨ ਐਪਲੀਕੇਸ਼ਨ ਨਹੀਂ ਭਰ ਸਕਦੇ। ਐਪਲੀਕੇਸ਼ਨ ਫ਼ਾਰਮ ਮੰਗਵਾਉਣ ਲਈ SEIU775BG-caregiver@magnacare.com 'ਤੇ ਈਮੇਲ ਕਰੋ।



**Sandra C.**
ਕੇਅਰਗਿਵਰ, Kennewick

## ਮੇਰੀ ਕਵਰੇਜ ਕਦੋਂ ਸ਼ੁਰੂ ਹੋਵੇਗੀ?

**Open Enrollment (ਖੁੱਲ੍ਹਾ ਨਾਮਾਂਕਣ):** 1 ਅਗਸਤ ਤੋਂ ਸ਼ੁਰੂ ਹੋਣ ਵਾਲੀ ਕਵਰੇਜ ਲਈ 20 ਜੁਲਾਈ ਤੱਕ ਐਪਲੀਕੇਸ਼ਨਾਂ ਜਾਂ ਤਬਦੀਲੀਆਂ ਜਮ੍ਹਾਂ ਕਰਾਓ।

**ਸ਼ੁਰੂਆਤੀ ਯੋਗਤਾ ਅਤੇ ਯੋਗ ਜੀਵਨ ਘਟਨਾਵਾਂ:** ਤੁਹਾਡੀ ਐਪਲੀਕੇਸ਼ਨ ਮਿਲਣ ਅਤੇ ਉਸ 'ਤੇ ਕਾਰਵਾਈ ਕੀਤੇ ਜਾਣ, ਜਿਸ ਵਿੱਚ ਤਕਰੀਬਨ 2 ਕੁ ਹਫ਼ਤੇ ਲੱਗਦੇ ਹਨ, ਤੋਂ ਬਾਅਦ ਮਹੀਨੇ ਦੀ ਪਹਿਲੀ ਤਰੀਕ ਤੋਂ ਕਵਰੇਜ ਸ਼ੁਰੂ ਹੋ ਜਾਂਦੀ ਹੈ। ਉਦਾਹਰਨ ਲਈ, ਜੇ ਤੁਹਾਡੀ ਪੂਰੀ ਕੀਤੀ ਹੋਈ ਐਪਲੀਕੇਸ਼ਨ:

- 15 ਮਾਰਚ ਤੱਕ ਮਿਲ ਜਾਂਦੀ ਹੈ, ਤਾਂ ਕਵਰੇਜ 1 ਅਪ੍ਰੈਲ ਤੋਂ ਸ਼ੁਰੂ ਹੋਵੇਗੀ।
- 16 - 31 ਮਾਰਚ ਤੱਕ ਮਿਲਦੀ ਹੈ, ਤਾਂ ਕਵਰੇਜ 1 ਮਈ ਤੋਂ ਸ਼ੁਰੂ ਹੋਵੇਗੀ।

**Coverage for Kids (ਬੱਚਿਆਂ ਲਈ ਕਵਰੇਜ)** ਉਦੋਂ ਤੱਕ ਸ਼ੁਰੂ ਨਹੀਂ ਹੋ ਸਕਦੀ ਜਦੋਂ ਤੱਕ ਤੁਹਾਡੇ ਨਿਰਭਰ ਵਿਅਕਤੀ ਦੀ ਤਸਦੀਕ ਪ੍ਰਾਪਤ ਨਹੀਂ ਹੋ ਜਾਂਦੀ ਅਤੇ ਉਸ 'ਤੇ ਕਾਰਵਾਈ ਨਹੀਂ ਹੋ ਜਾਂਦੀ।

## ਮੈਂ ਆਪਣੇ ਮਹੀਨੇਵਾਰ ਸਹਿ-ਪ੍ਰੀਮੀਅਮ ਦਾ ਭੁਗਤਾਨ ਕਿਵੇਂ ਕਰਾਂ?

ਤੁਹਾਡਾ ਐਂਪਲੌਇਅਰ ਤੁਹਾਡੀ ਤਨਖਾਹ ਵਿੱਚੋਂ ਤੁਹਾਡਾ ਮਹੀਨੇਵਾਰ ਸਹਿ-ਪ੍ਰੀਮੀਅਮ (ਉਹ ਰਕਮ ਜਿਸਦਾ ਭੁਗਤਾਨ ਤੁਸੀਂ ਹਰ ਮਹੀਨੇ ਕਰਦੇ ਹੋ) ਆਪਣੇ ਆਪ ਹੀ ਕੱਟ ਲਵੇਗਾ। ਜੇ ਤੁਹਾਡਾ ਐਂਪਲੌਇਅਰ ਕਟੌਤੀ ਕਰਨ ਦੇ ਯੋਗ ਨਹੀਂ ਹੈ, ਤਾਂ ਤੁਹਾਨੂੰ ਇੱਕ ਸਵੈ-ਭੁਗਤਾਨ ਚਿੱਠੀ ਮਿਲੇਗੀ ਅਤੇ ਤੁਹਾਨੂੰ ਆਪਣੇ ਸਹਿ-ਪ੍ਰੀਮੀਅਮ ਦਾ ਭੁਗਤਾਨ ਕਰਨ ਸਬੰਧੀ ਹਦਾਇਤਾਂ ਵਾਲੀ ਇੱਕ ਈਮੇਲ ਮਿਲੇਗੀ। ਤੁਸੀਂ ਚੈੱਕ ਦੁਆਰਾ, ਜਾਂ ਆਪਣੇ ਔਨਲਾਈਨ ਹੈਲਥ ਬੈਨਿਫ਼ਿਟਸ ਖਾਤੇ ਦੀ ਵਰਤੋਂ ਕਰਕੇ ਭੁਗਤਾਨ ਕਰ ਸਕਦੇ ਹੋ।

**CDWA ਦੇਖਭਾਲਕਰਤਾ:** ਤੁਹਾਡਾ ਪਹਿਲਾ ਭੁਗਤਾਨ ਸਵੈ-ਭੁਗਤਾਨ ਹੋਵੇਗਾ।

## ਕੰਮ ਦੇ ਘੰਟਿਆਂ ਦਾ ਮੇਰੀ ਕਵਰੇਜ ਉੱਪਰ ਕੀ ਅਸਰ ਪੈਂਦਾ ਹੈ?

ਜਦੋਂ ਤੁਹਾਡਾ ਕਵਰੇਜ ਵਿੱਚ ਨਾਮਾਂਕਣ ਹੋ ਜਾਂਦਾ ਹੈ, ਤਾਂ ਤੁਹਾਡੇ ਦੁਆਰਾ ਇੱਕ ਮਹੀਨੇ ਵਿੱਚ ਕੰਮ ਕੀਤੇ ਗਏ ਘੰਟੇ 2 ਮਹੀਨਿਆਂ ਬਾਅਦ ਤੁਹਾਡੀ ਕਵਰੇਜ ਦੀ ਸਥਿਤੀ ਨੂੰ ਨਿਰਧਾਰਤ ਕਰਦੇ ਹਨ। ਉਦਾਹਰਨ: ਜਨਵਰੀ ਦੇ ਘੰਟੇ ਮਾਰਚ ਵਿੱਚ ਕਵਰੇਜ ਨਿਰਧਾਰਤ ਕਰਦੇ ਹਨ।

| ਕੰਮ ਦਾ ਮਹੀਨਾ<br>ਇਸ ਮਹੀਨੇ ਵਿੱਚ ਤੁਹਾਡੇ ਵੇਤਨਕ ਘੰਟੇ: | | ਕਵਰੇਜ ਮਹੀਨਾ<br>ਇਸ ਮਹੀਨੇ ਦੀ ਕਵਰੇਜ ਦਾ ਪਤਾ ਲਗਾਓ: |
|---|---|---|
| ਜਨਵਰੀ | → | ਮਾਰਚ |
| ਫ਼ਰਵਰੀ | → | ਅਪ੍ਰੈਲ |
| ਮਾਰਚ | → | ਮਈ |
| ਅਪ੍ਰੈਲ | → | ਜੂਨ |
| ਮਈ | → | ਜੁਲਾਈ |
| ਜੂਨ | → | ਅਗਸਤ |
| ਜੁਲਾਈ | → | ਸਤੰਬਰ |
| ਅਗਸਤ | → | ਅਕਤੂਬਰ |
| ਸਤੰਬਰ | → | ਨਵੰਬਰ |
| ਅਕਤੂਬਰ | → | ਦਸੰਬਰ |
| ਨਵੰਬਰ | → | ਜਨਵਰੀ |
| ਦਸੰਬਰ | → | ਫ਼ਰਵਰੀ |

## ਜੇ ਮੈਂ ਕਵਰੇਜ ਨੂੰ ਸਮਾਪਤ ਕਰਨਾ ਚਾਹਵਾਂ ਤਾਂ ਕੀ ਹੋਵੇਗਾ?

ਆਪਣੇ ਲਈ ਜਾਂ ਆਪਣੇ ਬੱਚਿਆਂ ਲਈ ਕਵਰੇਜ ਖਤਮ ਕਰਨ ਵਾਸਤੇ, ਇੱਕ Waive Coverage (ਕਵਰੇਜ ਤੋਂ ਛੋਟ) ਫ਼ਾਰਮ ਜਮ੍ਹਾਂ ਕਰੋ। ਜੇ 15 ਤਰੀਕ ਤੱਕ ਪ੍ਰਾਪਤ ਹੁੰਦਾ ਹੈ ਤਾਂ ਕਵਰੇਜ ਅਗਲੇ ਮਹੀਨੇ ਦੀ 1 ਤਰੀਕ ਨੂੰ ਖਤਮ ਹੋਵੇਗੀ। ਜੇ 15 ਤਰੀਕ ਤੋਂ ਬਾਅਦ ਪ੍ਰਾਪਤ ਹੁੰਦਾ ਹੈ ਤਾਂ ਕਵਰੇਜ ਉਸਤੋਂ ਅਗਲੇ ਮਹੀਨੇ ਦੀ 1 ਤਰੀਕ ਨੂੰ ਖਤਮ ਹੋਵੇਗੀ।

**ਮਹੱਤਵਪੂਰਨ:** ਤੁਸੀਂ ਸਿਰਫ਼ Open Enrollment (ਖੁੱਲ੍ਹੇ ਨਾਮਾਂਕਣ) ਦੌਰਾਨ ਜਾਂ ਕਿਸੇ ਯੋਗਤਾ ਪੂਰੀ ਕਰਨ ਵਾਲੀ ਜੀਵਨ ਘਟਨਾ ਤੋਂ ਬਾਅਦ ਦੁਬਾਰਾ ਨਾਮਾਂਕਣ ਕਰਵਾ ਸਕਦੇ ਹੋ। 1 ਜੁਲਾਈ ਤੋਂ ਪਹਿਲਾਂ ਜਮ੍ਹਾਂ ਕੀਤੀਆਂ ਛੋਟਾਂ (ਵੇਵਰ) Open Enrollment (ਖੁੱਲ੍ਹੇ ਨਾਮਾਂਕਣ) ਦੌਰਾਨ ਰੀਸੈੱਟ ਹੋ ਜਾਂਦੇ ਹਨ। ਆਪਣੀ ਛੋਟ ਨੂੰ ਜਾਰੀ ਰੱਖਣ ਲਈ ਤੁਹਾਨੂੰ ਨਵਾਂ ਵੇਵਰ ਕਵਰੇਜ ਫਾਰਮ ਜਮ੍ਹਾ ਕਰਾਉਣਾ ਪਵੇਗਾ। ਜੇ ਤੁਹਾਡੇ ਕੋਲ ਪਿਛਲੇ 12 ਮਹੀਨਿਆਂ ਵਿੱਚ ਕਵਰੇਜ ਸੀ, ਤਾਂ ਤੁਹਾਡਾ ਆਪਣੇ ਆਪ ਹੀ ਦੁਬਾਰਾ ਨਾਮਾਂਕਣ ਹੋ ਜਾਵੇਗਾ ਬਸ਼ਰਤੇ ਤੁਸੀਂ ਇੱਕ ਨਵਾਂ ਵੇਵਰ ਜਮ੍ਹਾਂ ਕਰਾਇਆ ਹੋਵੇ।

## ਜੇ ਮੈਂ ਕੰਮ ਦੇ ਲੋੜੀਂਦੇ ਘੰਟੇ ਪੂਰੇ ਨਹੀਂ ਕੀਤੇ ਤਾਂ ਕੀ ਹੋਵੇਗਾ?

ਗ੍ਰੇਸ ਮਹੀਨੇ ਹਰ ਸਾਲ ਹੈਲਥਕੇਅਰ ਕਵਰੇਜ ਵਿੱਚ 2 ਵਾਰੀ ਇੱਕ-ਮਹੀਨੇ ਦੀ ਐਕਸਟੈਨਸ਼ਨ (ਵਾਧਾ) ਮੁਹੱਈਆ ਕਰਦੇ ਹਨ, ਜਿਸ ਨਾਲ ਤੁਹਾਡੇ ਲੋੜੀਂਦੇ ਕੰਮ ਦੇ ਘੰਟੇ ਪੂਰੇ ਨਾ ਹੋਣ 'ਤੇ ਵੀ ਤੁਹਾਡੀ ਅਤੇ ਤੁਹਾਡੇ ਨਿਰਭਰ ਵਿਅਕਤੀਆਂ ਦੀ ਕਵਰੇਜ ਬਣੇ ਰਹਿਣ ਵਿੱਚ ਮਿਲਦੀ ਹੈ। myseiu.be/gm 'ਤੇ ਹੋਰ ਜਾਣੋ।

ਜੇ ਤੁਹਾਡੀ ਕਵਰੇਜ ਬੰਦ ਹੋ ਜਾਂਦੀ ਹੈ, ਤਾਂ ਤੁਹਾਨੂੰ COBRA ਬਾਰੇ ਜਾਣਕਾਰੀ ਦਿੱਤੀ ਜਾਵੇਗੀ ਤਾਂ ਜੋ ਤੁਸੀਂ ਹਰ ਮਹੀਨੇ ਭੁਗਤਾਨ ਕਰਕੇ ਆਪਣੀ ਕਵਰੇਜ ਚਾਲੂ ਰੱਖ ਸਕੋ। ਜੇ ਤੁਸੀਂ ਦੇਖਭਾਲ ਦਾ ਕੰਮ ਛੱਡ ਦਿੰਦੇ ਹੋ, ਤਾਂ ਦੇਖੋ ਕਿ ਕੀ ਤੁਸੀਂ Washington Apple Health ਲਈ ਯੋਗ ਹੋ ਜਾਂ wahealthplanfinder.org ਵੈੱਬਸਾਈਟ ਦੇਖੋ।

## ਆਪਣੀ ਕਵਰੇਜ ਨੂੰ ਬਣਾਈ ਰੱਖਣ ਵਾਸਤੇ ਵਧੇਰੇ ਘੰਟਿਆਂ ਲਈ ਕੰਮ ਕਰੋ।

ਜੇ ਤੁਹਾਨੂੰ ਕਵਰੇਜ ਪ੍ਰਾਪਤ ਕਰਨ ਜਾਂ ਬਣਾਈ ਰੱਖਣ ਲਈ ਹੋਰ ਘੰਟਿਆਂ ਦੀ ਲੋੜ ਹੈ ਤਾਂ Carina.org ਅਜ਼ਮਾ ਕੇ ਦੇਖੋ, ਜੋ ਕਿ ਢੁਕਵੀਂ ਨੌਕਰੀ ਲਭਾਉਣ ਵਾਲਾ ਮੁਫ਼ਤ ਬੈਨਿਫ਼ਿਟ ਹੈ ਅਤੇ ਇਹ ਹੋਰ ਕਲਾਇੰਟਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰਦਾ ਹੈ।

CARINA



**Patrick M.**
ਦੇਖਭਾਲਕਰਤਾ, Puyallup

SEIU 775
BENEFITS GROUP

# ਸਹਿਯੋਗ ਪ੍ਰਾਪਤ ਕਰੋ

## ਹੈਲਥਕੇਅਰ ਕਵਰੇਜ, ਯੋਗਤਾ, ਅਪਲਾਈ ਕਰਨ ਅਤੇ ਹੋਰ ਬਹੁਤ ਕੁਝ ਬਾਰੇ ਜਾਣਕਾਰੀ ਲਈ।

ਗਾਹਕ ਸੇਵਾ ਸੋਮਵਾਰ-ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਉਪਲਬਧ ਹੁੰਦੀ ਹੈ।



**1-877-606-6705**

ਭਾਸ਼ਾ ਵਿੱਚ ਸਹਿਯੋਗ ਉਪਲਬਧ ਹੈ।

### ਲਾਈਵ ਚੈਟ ਸਹਿਯੋਗ

ਚੈਟ ਵਿੱਚ ਸਹਿਯੋਗ ਵਾਸਤੇ **myseiu.be/magnacare** 'ਤੇ ਲੌਗ ਇਨ ਕਰੋ।

**SEIU775BG-caregiver@magnacare.com**

ਕਾਰੋਬਾਰੀ ਘੰਟਿਆਂ ਦੌਰਾਨ ਗਾਹਕ ਸੇਵਾ ਨਾਲ ਸੰਪਰਕ ਨਹੀਂ ਕਰ ਪਾ ਰਹੇ ਹੋ? ਈਮੇਲ ਕਰੋ ਅਤੇ 2 ਕਾਰੋਬਾਰੀ ਦਿਨਾਂ ਦੇ ਅੰਦਰ ਜਵਾਬ ਪ੍ਰਾਪਤ ਕਰੋ।

### ਬੀਮੇ ਸਬੰਧੀ ਆਮ ਸ਼ਬਦਾਂ ਨੂੰ ਸਮਝੋ

ਆਪਣੀ ਕਵਰੇਜ ਨੂੰ ਜ਼ਿਆਦਾ ਵਧੀਆ ਢੰਗ ਨਾਲ ਸਮਝਣ ਲਈ ਆਮ ਵਰਤੇ ਜਾਂਦੇ ਸ਼ਬਦਾਂ ਦੇ ਅਰਥ ਜਾਣੋ।

**myseiu.be/hc-terms**

### Coverage for Kids (ਬੱਚਿਆਂ ਲਈ ਕਵਰੇਜ) ਬਾਰੇ ਹੋਰ ਜਾਣੋ।

ਅਪਲਾਈ ਕਰਨ ਅਤੇ ਫਾਰਮ ਪੂਰਾ ਭਰਨ ਦਾ ਤਰੀਕਾ ਸਿੱਖੋ।

**myseiu.be/cfk**

### ਆਪਣਾ ਹੈਲਥ ਬੈਨਿਫ਼ਿਟਸ ਅਕਾਊਂਟ ਐਕਸੈਸ ਕਰੋ

ਅਕਾਊਂਟ ਬਣਾਉਣ ਅਤੇ ਆਨਲਾਈਨ ਅਪਲਾਈ ਕਰਨ ਦਾ ਤਰੀਕਾ ਸਿੱਖੋ।

**myseiu.be/hba**



### Caregiver Kicks: ਦੇਖਭਾਲ ਕਰਨ ਵਾਲਿਆਂ ਲਈ ਮੁਫ਼ਤ ਜੁੱਤੇ

Reebok ਤੋਂ ਲੈ ਕੇ Sketchers ਤੱਕ 90+ ਸਟਾਈਲਾਂ ਵਿੱਚ ਉਪਲਬਧ, ਤਿਲਕਣ-ਰੋਧੀ Caregiver Kicks ਜੁੱਤਿਆਂ ਨੂੰ ਇਸ ਤਰੀਕੇ ਨਾਲ ਡਿਜ਼ਾਈਨ ਕੀਤਾ ਗਿਆ ਹੈ ਜੋ ਤੁਹਾਨੂੰ ਕੰਮ 'ਤੇ ਵਧੇਰੇ ਸੁਰੱਖਿਅਤ ਅਤੇ ਵਧੇਰੇ ਅਰਾਮਦੇਹ ਰੱਖਦੇ ਹਨ। ਯੋਗ ਦੇਖਭਾਲਕਰਤਾ ਹਰ ਸਾਲ ਇੱਕ ਮੁਫ਼ਤ ਜੋੜਾ ਪ੍ਰਾਪਤ ਕਰ ਸਕਦੇ ਹਨ!

**myseiu.be/kicks**

SEIU 775
BENEFITS GROUP

**2026-2027**
**ਹੈਲਥਕੇਅਰ ਕਵਰੇਜ**

# ਪਲਾਨ ਦੇ ਵੇਰਵੇ

aetna®

**ਇਸ ਕਿਤਾਬਚੇ ਵਿੱਚ ਆਪਣੀ ਹੈਲਥਕੇਅਰ ਕਵਰੇਜ ਨੂੰ ਸਮਝਣ ਵਿੱਚ ਤੁਹਾਡੀ ਮਦਦ ਵਾਸਤੇ ਮਹੱਤਵਪੂਰਨ ਦਸਤਾਵੇਜ਼ ਸ਼ਾਮਲ ਹਨ:**

**ਮਹੱਤਵਪੂਰਨ ਸੋਧਾਂ ਦਾ ਸਾਰ (SMM):**
01 ਅਗਸਤ 2026 ਤੋਂ ਤੁਹਾਡੇ ਪਲਾਨ ਵਿੱਚ ਕਿਸੇ ਵੀ ਅੱਪਡੇਟ ਜਾਂ ਤਬਦੀਲੀਆਂ ਨੂੰ ਸੂਚੀਬੱਧ ਕਰਦਾ ਹੈ।

**ਮੈਡੀਕਲ ਅਤੇ ਡੈਂਟਲ ਪਲਾਨ ਦੀ ਝਲਕ:**
SEIU 775 Benefits Group ਦੁਆਰਾ ਤਿਆਰ ਕੀਤੇ ਗਏ, ਤੁਹਾਡੇ ਮੈਡੀਕਲ ਪਲਾਨ ਅਤੇ ਦੰਦਾਂ ਦੇ ਵਿਕਲਪਾਂ ਬਾਰੇ ਤੇਜ਼, ਅਸਾਨੀ ਨਾਲ ਪੜ੍ਹਨਯੋਗ ਸੰਖੇਪ ਜਾਣਕਾਰੀ।

**ਬੈਨਿਫ਼ਿਟਾਂ ਅਤੇ ਕਵਰੇਜ ਬਾਰੇ ਸੰਖੇਪ ਜਾਣਕਾਰੀ (SBC):**
ਤੁਹਾਡੇ ਪਲਾਨ ਦੀ ਵਿਸਤਾਰਸਹਿਤ ਵਿਆਖਿਆ, ਜਿਸ ਵਿੱਚ ਇਹ ਸ਼ਾਮਲ ਹਨ:

- ਆਮ ਡਾਕਟਰੀ ਲੋੜਾਂ ਅਤੇ ਪ੍ਰਿਸਕ੍ਰਿਪਸ਼ਨਾਂ (ਜਿਵੇਂ ਕਿ ਡਾਕਟਰ ਨਾਲ ਮੁਲਾਕਾਤਾਂ, ਲੈਬਾਂ, ਡਾਇਬੀਟੀਜ਼ ਦੀ ਦੇਖਭਾਲ, ਵਗੈਰਾ) ਨੂੰ ਕਿਵੇਂ ਕਵਰ ਕੀਤਾ ਜਾਂਦਾ ਹੈ।
- ਤੁਸੀਂ ਕਿੰਨਾ ਭੁਗਤਾਨ ਕਰਦੇ ਹੋ ਅਤੇ ਪਲਾਨ ਕਿੰਨਾ ਭੁਗਤਾਨ ਕਰਦਾ ਹੈ (ਕਟੌਤੀਯੋਗ, ਸਹਿ-ਭੁਗਤਾਨ, ਸਹਿ-ਬੀਮਾ)।
- ਇਸ ਵਿੱਚ ਕੀ ਕੁਝ ਸ਼ਾਮਲ ਹੈ—ਅਤੇ ਕੀ ਨਹੀਂ ਹੈ (ਕਵਰੇਜ ਦੀਆਂ ਸੀਮਾਵਾਂ ਜਾਂ ਇਸਤੋਂ ਬਾਹਰ ਰੱਖੀਆਂ ਚੀਜ਼ਾਂ)।

**ਪਲਾਨ ਦੇ ਸਰੋਤ:**
ਨਾਮਾਂਕਣ ਕਰਾਉਣ ਤੋਂ ਬਾਅਦ ਵਰਤਣ ਲਈ ਸੰਪਰਕ ਨੰਬਰ ਅਤੇ ਵੈੱਬਸਾਈਟਾਂ।

**ਤੁਸੀਂ Aetna ਮੈਡੀਕਲ ਪਲਾਨ ਦੇ ਲਈ ਯੋਗ ਹੋ। ਇਹ ਪਲਾਨ 1 ਅਗਸਤ 2026 ਤੋਂ 31 ਜੁਲਾਈ 2027 ਤੱਕ ਲਾਗੂ ਰਹੇਗਾ।**

SBC ਜਾਂ ਕਵਰੇਜ ਸਬੰਧੀ ਹੋਰ ਸਵਾਲਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਹੈਲਥ ਬੈਨਿਫ਼ਿਟਸ ਗਾਹਕ ਸੇਵਾ ਨਾਲ ਇੱਥੇ ਸੰਪਰਕ ਕਰੋ:

**1-877-606-6705**
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ

**SEIU775BG-caregiver@magnacare.com**



**Maila C.**
**ਦੇਖਭਾਲਕਰਤਾ, Seattle**

# ਮਹੱਤਵਪੂਰਨ ਸੋਧਾਂ ਅਤੇ ਕਟੌਤੀਆਂ ਦਾ ਸਾਰ

## Consumer Direct of Washington (CDWA) ਦੇ ਵਿਅਕਤੀਗਤ ਪ੍ਰਦਾਤਾਵਾਂ (IPs) ਅਤੇ ਏਜੰਸੀ ਪ੍ਰਦਾਤਾਵਾਂ (APs) ਲਈ SEIU Healthcare NW Health Benefits Trust ਰਾਹੀਂ ਮੁਹੱਈਆ ਕੀਤੀ ਜਾਂਦੀ ਸਿਹਤ ਬੀਮਾ ਕਵਰੇਜ ਵਿੱਚ

**ਮਹੱਤਵਪੂਰਨ ਸੋਧਾਂ ਦਾ ਇਹ ਸਾਰ ("SMM") Core Plan ਸਿਹਤ ਬੀਮਾ ਕਵਰੇਜ ("ਪਲਾਨ") ਦੇ ਲਈ, 01 ਅਗਸਤ 2026 ਤੱਕ ਪਲਾਨ ਦਾ ਵਰਣਨ ਕਰਨ ਵਾਲੇ, ਸੰਖੇਪ ਯੋਜਨਾ ਵਰਣਨ ("SPD") ਵਿੱਚ ਮੌਜੂਦ ਕੁਝ ਜਾਣਕਾਰੀ ਵਿੱਚ ਸੋਧਾਂ ਕਰਦਾ ਹੈ।**

1 ਅਗਸਤ 2026 ਤੋਂ ਲਾਗੂ ਹੋਣ ਵਾਲੇ, ਪਲਾਨ ਦੇ ਬੈਨਿਫ਼ਿਟ ਅਤੇ ਹੈਲਥਕੇਅਰ ਕਵਰੇਜ ਲਈ ਯੋਗਤਾ ਨਿਯਮ ਬਦਲ ਜਾਣਗੇ। APs ਅਤੇ IPs ਨੂੰ ਬੈਨਿਫ਼ਿਟਾਂ ਵਿੱਚ ਹੇਠਾਂ ਦੱਸੇ ਵਾਧਿਆਂ ਬਾਰੇ ਪਤਾ ਹੋਣਾ ਚਾਹੀਦਾ ਹੈ:

- VSP Vision Care ਅੱਖਾਂ ਦੇ ਰੁਟੀਨ ਚੈੱਕਅਪ, ਹਾਰਡਵੇਅਰ (ਚਸ਼ਮਿਆਂ ਜਾਂ ਫਰੇਮਾਂ) ਅਤੇ ਕੰਟੈਕਟ ਲੈਂਸਾਂ ਲਈ ਤੁਹਾਡਾ ਨਵਾਂ ਰੁਟੀਨ ਵਿਜ਼ਨ (ਅੱਖਾਂ ਦੀ ਜਾਂਚ) ਪ੍ਰੋਵਾਈਡਰ ਹੋਵੇਗਾ।
- EPIC ਹੀਅਰਿੰਗ ਏਡ ਕਵਰੇਜ ਤੋਂ ਡਾਲਰ ਦੀ ਲਿਮਿਟ (ਸੀਮਾ) ਹੁਣ ਹਟਾ ਦਿੱਤੀ ਗਈ ਹੈ।
- ਤੁਸੀਂ ਇੱਕੋ ਵਾਰ ਵਿੱਚ 12 ਮਹੀਨਿਆਂ ਤੱਕ ਦੀ ਹਾਰਮੋਨ ਥੈਰੇਪੀ ਜਾਂ ਗਰਭ ਨਿਰੋਧਕ ਦਵਾਈਆਂ ਦੀ ਸਪਲਾਈ ਪ੍ਰਾਪਤ ਕਰ ਸਕੋਗੇ।

**ਮਹੱਤਵਪੂਰਨ ਕਟੌਤੀਆਂ ਦਾ ਇਹ ਸਾਰ ("SMR") Core Plan ਸਿਹਤ ਬੀਮਾ ਕਵਰੇਜ ("ਪਲਾਨ") ਦੇ ਲਈ, 01 ਅਗਸਤ 2026 ਤੱਕ ਪਲਾਨ ਦਾ ਵਰਣਨ ਕਰਨ ਵਾਲੇ, ਸੰਖੇਪ ਯੋਜਨਾ ਵਰਣਨ ("SPD") ਵਿੱਚ ਮੌਜੂਦ ਕੁਝ ਜਾਣਕਾਰੀ ਵਿੱਚ ਸੋਧਾਂ ਕਰਦਾ ਹੈ।**

1 ਅਗਸਤ 2026 ਤੋਂ ਲਾਗੂ ਹੋਣ ਵਾਲੇ, ਪਲਾਨ ਦੇ ਬੈਨਿਫ਼ਿਟ ਅਤੇ ਹੈਲਥਕੇਅਰ ਕਵਰੇਜ ਲਈ ਯੋਗਤਾ ਨਿਯਮ ਬਦਲ ਜਾਣਗੇ। APs ਅਤੇ IPs ਨੂੰ ਇਨ੍ਹਾਂ ਗੱਲਾਂ ਬਾਰੇ ਪਤਾ ਹੋਣਾ ਚਾਹੀਦਾ ਹੈ:

- SEIU Healthcare NW Health Benefits Trust ਵੱਲੋਂ ਹੁਣ Headspace ਰਾਹੀਂ ਸੇਵਾਵਾਂ ਪ੍ਰਦਾਨ ਨਹੀਂ ਕੀਤੀਆਂ ਜਾਣਗੀਆਂ।

ਇਨ੍ਹਾਂ ਤਬਦੀਲੀਆਂ ਬਾਰੇ ਅੱਗੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਗਾਹਕ ਸੇਵਾ ਨਾਲ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਤੋਂ ਸ਼ਾਮ 6:00 ਵਜੇ ਤੱਕ 1-877-606-6705 'ਤੇ ਸੰਪਰਕ ਕਰੋ ਜਾਂ 'ਤੇ ਇੱਥੇ ਈਮੇਲ ਕਰੋ SEIU775BG-caregiver@magnacare.com.

SEIU 775 BENEFITS GROUP

aetna®

# ਸਵੈ-ਬੀਮਾਕ੍ਰਿਤ Aetna ਪਲਾਨ ਦੀ ਝਲਕ

**ਲਾਗੂ ਹੋਣ ਦੀ ਮਿਤੀ 8/1/2026**

ਇਹ SEIU 775 Benefits Group ਦੁਆਰਾ ਪ੍ਰਦਾਨ ਕੀਤੇ ਜਾਂਦੇ ਬੈਨਿਫ਼ਿਟਾਂ ਦੀ ਸੰਖੇਪ ਜਾਣਕਾਰੀ ਹੈ। ਇਹ ਕਵਰੇਜ ਦਾ ਕੋਈ ਇਕਰਾਰਨਾਮਾ ਜਾਂ ਸਰਟੀਫਿਕੇਟ ਨਹੀਂ ਹੈ। ਸਾਰੇ ਲਾਭਾਂ ਦੇ ਵਰਣਨ, ਜਿਸ ਵਿੱਚ ਵਿਕਲਪਕ ਦੇਖਭਾਲ ਵੀ ਸ਼ਾਮਲ ਹੈ, ਮੈਡੀਕਲ ਤੌਰ 'ਤੇ ਜ਼ਰੂਰੀ ਸੇਵਾਵਾਂ ਲਈ ਹਨ। ਮੈਂਬਰ ਤੋਂ ਕਵਰ ਕੀਤੀ ਜਾਂਦੀ ਸੇਵਾ ਲਈ ਲਾਗਤ ਦੇ ਹਿੱਸੇ ਜਾਂ ਉਸ ਸੇਵਾ ਲਈ ਅਸਲ ਖ਼ਰਚੇ ਵਿੱਚੋਂ ਜੋ ਵੀ ਘੱਟ ਹੋਵੇਗਾ, ਓਨਾ ਹੀ ਲਿਆ ਜਾਵੇਗਾ। ਸੀਮਾਵਾਂ ਸਮੇਤ, ਪੂਰੀ ਕਵਰੇਜ ਵਿਵਸਥਾਵਾਂ ਲਈ, ਕਿਰਪਾ ਕਰਕੇ ਆਪਣੇ ਕਵਰੇਜ ਸਰਟੀਫਿਕੇਟ ਨੂੰ ਦੇਖੋ।

| ਬੈਨਿਫ਼ਿਟਸ | ਤਰਜੀਹੀ ਪ੍ਰਦਾਤਾ ਨੈੱਟਵਰਕ | ਗੈਰ-ਤਰਜੀਹੀ ਪ੍ਰਦਾਤਾ ਨੈੱਟਵਰਕ |
|---|---|---|
| **ਪਲਾਨ ਦਾ ਕਟੌਤੀਯੋਗ** | ਕੋਈ ਸਲਾਨਾ ਕਟੌਤੀਯੋਗ ਨਹੀਂ ਹੈ | ਵਿਅਕਤੀਗਤ ਕਟੌਤੀਯੋਗ: $500 ਪ੍ਰਤੀ ਕੈਲੰਡਰ ਸਾਲ ਪਰਿਵਾਰਕ ਕਟੌਤੀਯੋਗ: $1,000 ਪ੍ਰਤੀ ਕੈਲੰਡਰ ਸਾਲ |
| **ਵਿਅਕਤੀਗਤ ਕਟੌਤੀਯੋਗ ਕੈਰੀਓਵਰ** | ਲਾਗੂ ਨਹੀਂ ਹੁੰਦਾ | ਚੌਥੀ ਤਿਮਾਹੀ ਦਾ ਕੈਰੀਓਵਰ ਲਾਗੂ ਹੁੰਦਾ ਹੈ |
| **ਪਲਾਨ ਸਹਿ-ਬੀਮਾ** | ਕੋਈ ਪਲਾਨ ਸਹਿ-ਬੀਮਾ ਨਹੀਂ | ਪਲਾਨ 80% ਦਾ ਭੁਗਤਾਨ ਕਰਦਾ ਹੈ, ਤੁਸੀਂ ਆਗਿਆ ਦਿੱਤੀ ਰਕਮ ਦਾ 20% ਭੁਗਤਾਨ ਕਰਦੇ ਹੋ। |
| **ਆਊਟ-ਆਫ਼-ਪਾਕੇਟ ਸੀਮਾ** | **ਮੈਡੀਕਲ ਆਊਟ-ਆਫ-ਪਾਕੇਟ ਸੀਮਾ:**<br>ਵਿਅਕਤੀਗਤ: $800<br>ਪਰਿਵਾਰ: $1,600<br>**ਪ੍ਰਿਸਕ੍ਰਿਪਸ਼ਨ ਦਵਾਈਆਂ ਲਈ ਜੇਬ ਵਿੱਚੋਂ ਖਰਚ ਕਰਨ ਦੀ ਅਧਿਕਤਮ ਸੀਮਾ:**<br>ਵਿਅਕਤੀਗਤ: $400<br>ਪਰਿਵਾਰ: $800<br>ਹੇਠ ਲਿਖੀਆਂ ਕਵਰ ਕੀਤੀਆਂ ਸੇਵਾਵਾਂ ਲਈ ਆਊਟ-ਆਫ-ਪਾਕੇਟ ਖਰਚਿਆਂ ਨੂੰ ਆਊਟ-ਆਫ-ਪਾਕੇਟ ਸੀਮਾ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਕਵਰ ਕੀਤੀਆਂ ਜਾਂਦੀਆਂ ਸੇਵਾਵਾਂ ਲਈ ਸਾਰੀ ਲਾਗਤ ਦੇ ਹਿੱਸੇ। | ਇਨ-ਨੈੱਟਵਰਕ ਨਾਲ ਸਾਂਝਾ ਕੀਤਾ ਗਿਆ |
| **ਪਹਿਲਾਂ ਤੋਂ ਮੌਜੂਦ ਸਥਿਤੀ (PEC) ਲਈ ਉਡੀਕ ਮਿਆਦ** | ਕੋਈ PEC ਨਹੀਂ | ਤਰਜੀਹੀ ਪ੍ਰਦਾਤਾ ਨੈੱਟਵਰਕ ਵਾਂਗ ਹੀ |
| **ਲਾਈਫ਼ਟਾਈਮ ਅਧਿਕਤਮ** | ਅਸੀਮਤ | ਤਰਜੀਹੀ ਪ੍ਰਦਾਤਾ ਅਧਿਕਤਮ ਵਾਂਗ ਹੀ |
| **ਆਊਟਪੇਸ਼ੈਂਟ ਸੇਵਾਵਾਂ (ਦਫ਼ਤਰ ਦੌਰੇ)** | $15 ਸਹਿ-ਭੁਗਤਾਨ। ਜੇ ਤੁਸੀਂ Aetna ਦੀ ਵੈੱਬਸਾਈਟ 'ਤੇ ਕਿਸੇ ਪ੍ਰਾਇਮਰੀ ਕੇਅਰ ਡਾਕਟਰ ਨੂੰ ਮਨੋਨੀਤ ਕਰਦੇ ਹੋ, ਤਾਂ ਇਸ ਡਾਕਟਰ ਨਾਲ ਸਾਰੇ ਦੌਰਿਆਂ ਲਈ $0 ਦਾ ਸਹਿ-ਭੁਗਤਾਨ ਹੋਵੇਗਾ | $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਜ਼ਰੂਰੀ ਸੰਭਾਲ** | $15 ਸਹਿ-ਭੁਗਤਾਨ | $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਹਸਪਤਾਲ ਸੇਵਾਵਾਂ** | **ਇਨਪੇਸ਼ੈਂਟ ਸੇਵਾਵਾਂ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ ਸਰਜਰੀ:** $50 ਸਹਿ-ਭੁਗਤਾਨ | **ਇਨਪੇਸ਼ੈਂਟ ਸੇਵਾਵਾਂ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ। ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ।<br>**ਆਊਟਪੇਸ਼ੈਂਟ ਸਰਜਰੀ:** $50 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਤਜਵੀਜ਼ ਕੀਤੀਆਂ ਦਵਾਈਆਂ**<br>(ਕੁਝ ਟੀਕਾ ਲਗਾਉਣਯੋਗ ਦਵਾਈਆਂ ਨੂੰ ਆਊਟਪੇਸ਼ੈਂਟ ਸੇਵਾਵਾਂ ਦੇ ਅਧੀਨ ਕਵਰ ਕੀਤਾ ਜਾ ਸਕਦਾ ਹੈ) | ਮੁੱਲ ਅਧਾਰਤ/ਤਰਜੀਹੀ ਜੈਨਰਿਕ (ਟੀਅਰ 1)/ਤਰਜੀਹੀ ਬ੍ਰਾਂਡ (ਟੀਅਰ 2)/ਗੈਰ-ਤਰਜੀਹੀ (ਟੀਅਰ 3) $4/$8/$25/$50 ਸਹਿ-ਭੁਗਤਾਨ<br>ਇਨਸੁਲਿਨ: ਤਰਜੀਹੀ ਜੈਨਰਿਕ (ਟੀਅਰ 1)/ਤਰਜੀਹੀ ਬ੍ਰਾਂਡ (ਟੀਅਰ 2)/ਗੈਰ-ਤਰਜੀਹੀ (ਟੀਅਰ 3) $0/$0/$25 ਸਹਿ-ਭੁਗਤਾਨ<br>ਇਨਹੇਲਰ ਅਤੇ EPI ਪੈੱਨ: ਤਰਜੀਹੀ ਜੈਨਰਿਕ (ਟੀਅਰ 1)/ਤਰਜੀਹੀ ਬ੍ਰਾਂਡ (ਟੀਅਰ 2)/ਗੈਰ-ਤਰਜੀਹੀ (ਟੀਅਰ 3) $8/$25/$35 ਸਹਿ-ਭੁਗਤਾਨ | ਤਰਜੀਹੀ ਜੈਨਰਿਕ/ਤਰਜੀਹੀ ਬ੍ਰਾਂਡ/ਗੈਰ-ਤਰਜੀਹੀ $13/$30/$55 ਸਹਿ-ਭੁਗਤਾਨ<br>ਇਨਸੁਲਿਨ: ਤਰਜੀਹੀ ਜੈਨਰਿਕ (ਟੀਅਰ 1)/ਤਰਜੀਹੀ ਬ੍ਰਾਂਡ (ਟੀਅਰ 2)/ਗੈਰ-ਤਰਜੀਹੀ (ਟੀਅਰ 3) $13/$30/$35 ਸਹਿ-ਭੁਗਤਾਨ<br>ਇਨਹੇਲਰ ਅਤੇ EPI ਪੈੱਨ: ਤਰਜੀਹੀ ਜੈਨਰਿਕ/ਤਰਜੀਹੀ ਬ੍ਰਾਂਡ/ਗੈਰ-ਤਰਜੀਹੀ $13/$30/$35 ਸਹਿ-ਭੁਗਤਾਨ |
| **ਪ੍ਰਿਸਕ੍ਰਿਪਸ਼ਨ (ਡਾਕਟਰ ਵੱਲੋਂ ਲਿਖੀ ਦਵਾਈ) ਦਾ ਮੇਲ ਆਰਡਰ** | ਪ੍ਰਤੀ 90 ਦਿਨ ਦੀ ਸਪਲਾਈ ਲਈ 2 x ਪ੍ਰਿਸਕ੍ਰਿਪਸ਼ਨ ਦੀ ਲਾਗਤ ਦਾ ਹਿੱਸਾ | ਕਵਰ ਨਹੀਂ ਕੀਤਾ ਗਿਆ |

| ਬੈਨਿਫ਼ਿਟਸ | ਤਰਜੀਹੀ ਪ੍ਰਦਾਤਾ ਨੈੱਟਵਰਕ | ਗੈਰ-ਤਰਜੀਹੀ ਪ੍ਰਦਾਤਾ ਨੈੱਟਵਰਕ |
|---|---|---|
| **ਐਕਿਊਪੰਕਚਰ** | ਪ੍ਰਤੀ ਕੈਲੰਡਰ ਸਾਲ 20 ਦੌਰੇ $0 ਸਹਿ-ਭੁਗਤਾਨ | ਤਰਜੀਹੀ ਪ੍ਰਦਾਤਾ ਨਾਲ ਮੁਲਾਕਾਤਾਂ ਦੀ ਸੀਮਾ ਸਾਂਝੀ $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਐਂਬੂਲੈਂਸ ਸੇਵਾਵਾਂ** | $200 ਸਹਿ-ਭੁਗਤਾਨ | ਤਰਜੀਹੀ ਪ੍ਰਦਾਤਾ ਬੈਨਿਫ਼ਿਟ ਵਾਂਗ |
| **ਰਸਾਇਣਿਕ ਨਿਰਭਰਤਾ** | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ:** $0 ਸਹਿ-ਭੁਗਤਾਨ | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਡਿਵਾਈਸ, ਉਪਕਰਨ ਅਤੇ ਸਪਲਾਈ**<br>• ਟਿਕਾਊ ਮੈਡੀਕਲ ਉਪਕਰਨ<br>• ਆਰਥੋਪੀਡਿਕ ਉਪਕਰਨ<br>• ਮਾਸਟੈਕਟੋਮੀ ਤੋਂ ਬਾਅਦ ਲਈ ਬ੍ਰਾ, ਹਰ ਛੇ (6) ਮਹੀਨਿਆਂ ਵਿੱਚ ਦੋ (2) ਤੱਕ ਸੀਮਿਤ ਹੈ<br>• ਓਸਟੋਮੀ ਸਪਲਾਈ<br>• ਪ੍ਰੋਸਥੈਟਿਕ ਡਿਵਾਈਸਾਂ | 100% ਤੇ ਕਵਰਡ | 50% 'ਤੇ ਕਵਰ ਕੀਤਾ ਜਾਂਦਾ ਹੈ, ਕਟੌਤੀਯੋਗ ਅਪਲਾਈ ਹੁੰਦਾ ਹੈ |
| **ਡਾਇਬਿਟੀਜ਼ (ਸ਼ੂਗਰ) ਸਬੰਧੀ ਸਪਲਾਈ** | ਇਨਸੁਲਿਨ, ਸੂਈਆਂ, ਸਰਿੰਜਾਂ ਅਤੇ ਲੈਂਸੈਟਸ-ਪ੍ਰਿਸਕ੍ਰਿਪਸ਼ਨ (ਡਾਕਟਰ ਵੱਲੋਂ ਲਿਖੀਆਂ) ਦਵਾਈਆਂ ਦੇਖੋ। ਬਾਹਰੀ ਇਨਸੁਲਿਨ ਪੰਪ, ਬਲੱਡ ਗਲੂਕੋਜ਼ ਮੋਨੀਟਰ, ਟੈਸਟਿੰਗ ਰੀਏਜੈਂਟਸ ਅਤੇ ਸਪਲਾਈ-ਡਿਵਾਈਸ, ਉਪਕਰਣ ਅਤੇ ਸਪਲਾਈ ਦੇਖੋ। ਜਦੋਂ ਡਿਵਾਈਸ, ਉਪਕਰਣ ਅਤੇ ਸਪਲਾਈ ਜਾਂ ਪ੍ਰਿਸਕ੍ਰਿਪਸ਼ਨ (ਡਾਕਟਰ ਵੱਲੋਂ ਲਿਖੀਆਂ) ਦਵਾਈਆਂ ਨੂੰ ਕਵਰ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀਆਂ ਲਾਭ ਸੀਮਾਵਾਂ ਹੁੰਦੀਆਂ ਹਨ, ਤਾਂ ਡਾਇਬਿਟੀਜ਼ ਸਬੰਧੀ ਸਪਲਾਈਆਂ ਇਨ੍ਹਾਂ ਸੀਮਾਵਾਂ ਦੇ ਅਧੀਨ ਨਹੀਂ ਆਉਂਦੀਆਂ। | ਇਨਸੁਲਿਨ, ਸੂਈਆਂ, ਸਰਿੰਜਾਂ ਅਤੇ ਲੈਂਸੈਟਸ-ਪ੍ਰਿਸਕ੍ਰਿਪਸ਼ਨ (ਡਾਕਟਰ ਵੱਲੋਂ ਲਿਖੀਆਂ) ਦਵਾਈਆਂ ਦੇਖੋ। ਬਾਹਰੀ ਇਨਸੁਲਿਨ ਪੰਪ, ਬਲੱਡ ਗਲੂਕੋਜ਼ ਮੋਨੀਟਰ, ਟੈਸਟਿੰਗ ਰੀਏਜੈਂਟਸ ਅਤੇ ਸਪਲਾਈ-ਡਿਵਾਈਸ, ਉਪਕਰਣ ਅਤੇ ਸਪਲਾਈ ਦੇਖੋ। ਜਦੋਂ ਡਿਵਾਈਸ, ਉਪਕਰਣ ਅਤੇ ਸਪਲਾਈ ਜਾਂ ਪ੍ਰਿਸਕ੍ਰਿਪਸ਼ਨ (ਡਾਕਟਰ ਵੱਲੋਂ ਲਿਖੀਆਂ) ਦਵਾਈਆਂ ਨੂੰ ਕਵਰ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀਆਂ ਲਾਭ ਸੀਮਾਵਾਂ ਹੁੰਦੀਆਂ ਹਨ, ਤਾਂ ਡਾਇਬਿਟੀਜ਼ ਸਬੰਧੀ ਸਪਲਾਈਆਂ ਇਨ੍ਹਾਂ ਸੀਮਾਵਾਂ ਦੇ ਅਧੀਨ ਨਹੀਂ ਆਉਂਦੀਆਂ। |
| **ਡਾਇਗਨੌਸਟਿਕ ਲੈਬ ਅਤੇ ਐਕਸ-ਰੇ ਸੇਵਾਵਾਂ** | **ਇਨਪੇਸ਼ੈਂਟ:** ਹਸਪਤਾਲ ਸੇਵਾਵਾਂ ਦੇ ਅਧੀਨ ਕਵਰ ਕੀਤਾ ਗਿਆ<br>**ਆਊਟਪੇਸ਼ੈਂਟ:** ਪੂਰੀ ਤਰ੍ਹਾਂ ਕਵਰਡ | **ਇਨਪੇਸ਼ੈਂਟ:** ਹਸਪਤਾਲ ਸੇਵਾਵਾਂ ਦੇ ਅਧੀਨ ਕਵਰ ਕੀਤਾ ਗਿਆ ਆਊਟਪੇਸ਼ੈਂਟ: ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਐਮਰਜੈਂਸੀ ਸੇਵਾਵਾਂ**<br>(ਜੇ ਦਾਖਲ ਕੀਤਾ ਜਾਂਦਾ ਹੈ ਤਾਂ ਸਹਿ-ਭੁਗਤਾਨ ਤੋਂ ਛੋਟ ਦਿੱਤੀ ਜਾਂਦੀ ਹੈ) | $200 ਸਹਿ-ਭੁਗਤਾਨ | $200 ਸਹਿ-ਭੁਗਤਾਨ |
| **ਸੁਣਨ ਸ਼ਕਤੀ ਦੀ ਜਾਂਚ (ਨਿਯਮਤ)** | $15 ਸਹਿ-ਭੁਗਤਾਨ | $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਸੁਣਨ ਸਬੰਧੀ ਹਾਰਡਵੇਅਰ** | ਇੱਕ ਵੱਖਰੇ ਬੈਨਿਫ਼ਿਟ ਰਾਹੀਂ ਕਵਰ ਕੀਤਾ ਜਾਂਦਾ ਹੈ: EPIC Hearing. ਸੁਣਨ ਵਾਲੀ ਮਸ਼ੀਨ ਦੀ ਲਾਗਤ ਲਈ ਹਰ 3 ਸਾਲਾਂ ਵਿੱਚ ਪ੍ਰਤੀ ਕੰਨ ਕੋਈ ਸੀਮਾ ਨਹੀਂ ਹੈ। ਇੱਥੋਂ ਹੋਰ ਜਾਣੋ myseiu.be/epic | ਇੱਕ ਵੱਖਰੇ ਬੈਨਿਫ਼ਿਟ ਰਾਹੀਂ ਕਵਰ ਕੀਤਾ ਜਾਂਦਾ ਹੈ: EPIC Hearing. ਸੁਣਨ ਵਾਲੀ ਮਸ਼ੀਨ ਦੀ ਲਾਗਤ ਲਈ ਹਰ 3 ਸਾਲਾਂ ਵਿੱਚ ਪ੍ਰਤੀ ਕੰਨ ਕੋਈ ਸੀਮਾ ਨਹੀਂ ਹੈ। ਇੱਥੋਂ ਹੋਰ ਜਾਣੋ myseiu.be/epic |
| **ਘਰ ਵਿੱਚ ਸਿਹਤ ਸੇਵਾਵਾਂ** | ਪ੍ਰਤੀ ਕੈਲੰਡਰ ਸਾਲ ਕੁੱਲ ਮਿਲਾਕੇ 130 ਮੁਲਾਕਾਤਾਂ ਤੱਕ ਪੂਰੀ ਤਰ੍ਹਾਂ ਕਵਰਡ | ਤਰਜੀਹੀ ਪ੍ਰਦਾਤਾ ਨਾਲ ਮੁਲਾਕਾਤਾਂ ਦੀ ਸੀਮਾ ਨਾਲ ਸਾਂਝਾ, ਕੱਟਣਯੋਗ ਅਤੇ ਸਹਿ-ਭੁਗਤਾਨ ਲਾਗੂ ਹੁੰਦੇ ਹਨ। |
| **ਹਾਸਪਿਸ ਸੇਵਾਵਾਂ** | ਪੂਰੀ ਤਰ੍ਹਾਂ ਕਵਰਡ | ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ। |
| **ਬਾਂਝਪਣ ਸੇਵਾਵਾਂ** | ਇੱਕ ਵੱਖਰੇ ਬੈਨਿਫ਼ਿਟ ਰਾਹੀਂ ਕਵਰ ਕੀਤਾ ਜਾਂਦਾ ਹੈ: Progyny ਜਣਨ ਸ਼ਕਤੀ (ਫ਼ਰਟੀਲਿਟੀ) ਅਤੇ ਪਰਿਵਾਰ ਨਿਰਮਾਣ। ਜਣਨ ਸ਼ਕਤੀ (ਫ਼ਰਟੀਲਿਟੀ) ਅਤੇ ਪਰਿਵਾਰ ਨਿਰਮਾਣ ਦੇ ਸਫ਼ਰ ਦੌਰਾਨ ਮੈਂਬਰਾਂ ਦੀ ਮਦਦ ਲਈ 2+1 Smart Cycles (ਸਮਾਰਟ ਸਾਈਕਲਜ਼)। ਇੱਥੋਂ ਹੋਰ ਜਾਣੋ myseiu.be/progyny | ਕਵਰ ਨਹੀਂ ਕੀਤਾ ਗਿਆ |
| **ਮੈਨੀਪੁਲੇਟਿਵ ਥੈਰੇਪੀ** | ਪਹਿਲਾਂ ਤੋਂ ਆਥੋਰਾਈਜ਼ੇਸ਼ਨ ਦੇ ਬਗੈਰ ਹਰ ਕੈਲੰਡਰ ਸਾਲ ਵਿੱਚ 20 ਮੁਲਾਕਾਤਾ ਤੱਕ ਕਵਰ ਕੀਤਾ ਜਾਂਦਾ ਹੈ<br>$0 ਸਹਿ-ਭੁਗਤਾਨ | ਮੁਲਾਕਾਤਾਂ ਦੀ ਸੀਮਾਂ ਇਨ-ਨੈੱਟਵਰਕ ਨਾਲ ਸਾਂਝੀ<br>$15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਮਾਲਿਸ਼ ਸੇਵਾਵਾਂ** | $15 ਸਹਿ-ਭੁਗਤਾਨ (ਪ੍ਰਤੀ ਕੈਲੰਡਰ ਸਾਲ 20 ਦੌਰੇ) | ਤਰਜੀਹੀ ਪ੍ਰਦਾਤਾ ਦੌਰਾ ਸੀਮਾ ਨਾਲ ਸਾਂਝਾ ਕੀਤਾ ਗਿਆ<br>$15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਜਣੇਪਾ ਸੇਵਾਵਾਂ** | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ। ਨਿਯਮਿਤ ਦੇਖਭਾਲ ਆਊਟਪੇਸ਼ੈਂਟ ਸੇਵਾਵਾਂ ਦੇ ਸਹਿ-ਭੁਗਤਾਨ ਦੇ ਅਧੀਨ ਨਹੀਂ ਹੈ। | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ।<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ। ਨਿਯਮਿਤ ਦੇਖਭਾਲ ਆਊਟਪੇਸ਼ੈਂਟ ਸੇਵਾਵਾਂ ਦੇ ਸਹਿ-ਭੁਗਤਾਨ ਦੇ ਅਧੀਨ ਨਹੀਂ ਹੈ। |

| ਬੈਨਿਫ਼ਿਟਸ | ਤਰਜੀਹੀ ਪ੍ਰਦਾਤਾ ਨੈੱਟਵਰਕ | ਗੈਰ-ਤਰਜੀਹੀ ਪ੍ਰਦਾਤਾ ਨੈੱਟਵਰਕ |
|---|---|---|
| **ਮਾਨਸਿਕ ਸਿਹਤ** | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ:** $0 ਸਹਿ-ਭੁਗਤਾਨ | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਨੈਚੁਰੋਪੈਥੀ** | $0 ਸਹਿ-ਭੁਗਤਾਨ। ਪ੍ਰਤੀ ਕੈਲੰਡਰ ਸਾਲ ਅਸੀਮਤ ਦੌਰੇ | ਤਰਜੀਹੀ ਪ੍ਰਦਾਤਾ ਨਾਲ ਮੁਲਾਕਾਤਾਂ ਦੀ ਸੀਮਾ ਸਾਂਝੀ $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਨਵਜਾਤ ਸੇਵਾਵਾਂ** | **ਹਸਪਤਾਲ ਵਿੱਚ ਸ਼ੁਰੂਆਤੀ ਠਹਿਰਾਓ:** ਹਸਪਤਾਲ ਦੀਆਂ ਸੇਵਾਵਾਂ ਦੇਖੋ; ਦਫ਼ਤਰ ਵਿੱਚ ਮੁਲਾਕਾਤਾਂ: ਆਊਟਪੇਸ਼ੈਂਟ ਸੇਵਾਵਾਂ ਦੇਖੋ; ਨਿਯਮਿਤ ਚੰਗੀ ਦੇਖਭਾਲ: ਇਹਤਿਆਤੀ ਦੇਖਭਾਲ ਦੇਖੋ। ਨਵਜਾਤ ਸੇਵਾਵਾਂ ਲਈ ਕੋਈ ਵੀ ਲਾਗੂ ਹੋਣ ਵਾਲੀ ਲਾਗਤ ਦਾ ਸ਼ੇਅਰ ਮਾਂ ਤੋਂ ਵੱਖਰਾ ਹੁੰਦਾ ਹੈ। | **ਹਸਪਤਾਲ ਵਿੱਚ ਸ਼ੁਰੂਆਤੀ ਠਹਿਰਾਓ:** ਹਸਪਤਾਲ ਦੀਆਂ ਸੇਵਾਵਾਂ ਦੇਖੋ; ਦਫ਼ਤਰ ਵਿੱਚ ਮੁਲਾਕਾਤਾਂ: ਆਊਟਪੇਸ਼ੈਂਟ ਸੇਵਾਵਾਂ ਦੇਖੋ; ਨਿਯਮਿਤ ਚੰਗੀ ਦੇਖਭਾਲ: ਇਹਤਿਆਤੀ ਦੇਖਭਾਲ ਦੇਖੋ। ਨਵਜਾਤ ਸੇਵਾਵਾਂ ਲਈ ਕੋਈ ਵੀ ਲਾਗੂ ਹੋਣ ਵਾਲੀ ਲਾਗਤ ਦਾ ਸ਼ੇਅਰ ਮਾਂ ਤੋਂ ਵੱਖਰਾ ਹੁੰਦਾ ਹੈ। |
| **ਮੋਟਾਪੇ ਨਾਲ ਸਬੰਧਿਤ ਸਰਜਰੀ** (ਬੇਰੀਏਟ੍ਰਿਕ) | ਜਦੋਂ ਮੈਡੀਕਲ ਮਾਪਦੰਡ ਪੂਰੇ ਹੁੰਦੇ ਹਨ ਤਾਂ ਲਾਗਤ ਦੇ ਹਿੱਸਿਆਂ 'ਤੇ ਕਵਰ ਕੀਤਾ ਜਾਂਦਾ ਹੈ | ਕਵਰ ਨਹੀਂ ਕੀਤਾ ਗਿਆ |
| **ਅੰਗ ਟ੍ਰਾਂਸਪਲਾਂਟ** | ਅਸੀਮਿਤ, ਕੋਈ ਉਡੀਕ ਮਿਆਦ ਨਹੀਂ<br>**ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ | ਕਵਰ ਨਹੀਂ ਕੀਤਾ ਗਿਆ |
| **ਇਹਤਿਆਤੀ ਦੇਖਭਾਲ** (ਸਰੀਰਕ ਜਾਂਚਾਂ, ਟੀਕਾਕਰਨ, ਪੈਪ ਸਮੀਅਰ ਜਾਂਚਾਂ, ਮੈਮੋਗ੍ਰਾਮ) | ਪੂਰੀ ਤਰ੍ਹਾਂ ਕਵਰਡ<br>ਔਰਤਾਂ ਦੀਆਂ ਇਹਤਿਆਤੀ ਦੇਖਭਾਲ ਸੇਵਾਵਾਂ (ਗਰਭਨਿਰੋਧਕ ਦਵਾਈਆਂ ਅਤੇ ਉਪਕਰਨਾਂ ਅਤੇ ਨਸਬੰਦੀ ਸਮੇਤ) ਨੂੰ ਪੂਰੀ ਤਰ੍ਹਾਂ ਕਵਰ ਕੀਤਾ ਜਾਂਦਾ ਹੈ। | ਕਵਰ ਨਹੀਂ ਕੀਤਾ ਗਿਆ<br>ਔਰਤਾਂ ਦੀਆਂ ਇਹਤਿਆਤੀ ਦੇਖਭਾਲ ਸੇਵਾਵਾਂ (ਗਰਭਨਿਰੋਧਕ ਦਵਾਈਆਂ ਅਤੇ ਉਪਕਰਨਾਂ ਅਤੇ ਨਸਬੰਦੀ ਸਮੇਤ) ਲਾਗੂ ਹੋਣ ਵਾਲੀ ਇਹਤਿਆਤੀ ਦੇਖਭਾਲ ਦੀ ਲਾਗਤ ਦੇ ਹਿੱਸੇ ਅਤੇ ਅਧਿਕਤਮ ਬੈਨਿਫ਼ਿਟ ਦੇ ਅਧੀਨ ਆਉਂਦੀਆਂ ਹਨ।<br>ਨਿਯਮਿਤ ਮੈਮੋਗ੍ਰਾਮ: ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਪੁਨਰਵਾਸ ਸੇਵਾਵਾਂ**<br>**(ਪੁਨਰਵਾਸ ਮੁਲਾਕਾਤਾਂ ਪ੍ਰਤੀ ਕੈਲੰਡਰ ਸਾਲ ਵਿੱਚ ਰਲਵੀਂ-ਮਿਲਵੀਂ ਚਿਕਿਤਸਾ ਦੇ ਕੁੱਲ ਦੌਰੇ ਹਨ)** | **ਇਨਪੇਸ਼ੈਂਟ:** ਪ੍ਰਤੀ ਕੈਲੰਡਰ ਸਾਲ 60 ਦਿਨ। ਮਾਨਸਿਕ ਸਿਹਤ ਡਾਇਗਨੋਸਿਸ (ਰੋਗ ਦੀ ਪਛਾਣ) ਸੇਵਾਵਾਂ ਨੂੰ ਬਿਨਾਂ ਕਿਸੇ ਸੀਮਾ ਦੇ ਕਵਰ ਕੀਤਾ ਜਾਂਦਾ ਹੈ। $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ:** ਪ੍ਰਤੀ ਕੈਲੰਡਰ ਸਾਲ 60 ਦੌਰੇ। ਮਾਨਸਿਕ ਸਿਹਤ ਡਾਇਗਨੋਸਿਸ (ਰੋਗ ਦੀ ਪਛਾਣ) ਸੇਵਾਵਾਂ ਨੂੰ ਬਿਨਾਂ ਕਿਸੇ ਸੀਮਾ ਦੇ ਕਵਰ ਕੀਤਾ ਜਾਂਦਾ ਹੈ। $15 ਸਹਿ-ਭੁਗਤਾਨ | **ਇਨਪੇਸ਼ੈਂਟ:** ਦਿਨ ਦੀਆਂ ਸੀਮਾਵਾਂ ਨੂੰ ਤਰਜੀਹੀ ਪ੍ਰਦਾਤਾ ਲਾਭ ਸੀਮਾ ਨਾਲ ਸਾਂਝਾ ਕੀਤਾ ਗਿਆ। $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ। ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ<br>**ਆਊਟਪੇਸ਼ੈਂਟ:** ਮੁਲਾਕਾਤ ਦੀਆਂ ਸੀਮਾਵਾਂ ਨੂੰ ਤਰਜੀਹੀ ਪ੍ਰਦਾਤਾ ਲਾਭ ਸੀਮਾ ਨਾਲ ਸਾਂਝਾ ਕੀਤਾ ਗਿਆ। $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਹੁਨਰਮੰਦ ਨਰਸਿੰਗ ਸੁਵਿਧਾ** | ਪ੍ਰਤੀ ਕੈਲੰਡਰ ਸਾਲ 60 ਦਿਨਾਂ ਤੱਕ ਪੂਰੀ ਤਰ੍ਹਾਂ ਕਵਰ ਕੀਤਾ ਗਿਆ | ਦਿਨ ਦੀਆਂ ਸੀਮਾਵਾਂ ਨੂੰ ਤਰਜੀਹੀ ਪ੍ਰਦਾਤਾ ਲਾਭ, ਕਟੌਤੀਯੋਗ ਅਤੇ ਸਹਿ-ਬੀਮਾ ਅਪਲਾਈ ਨਾਲ ਸਾਂਝਾ ਕੀਤਾ ਗਿਆ। |
| **ਨਸਬੰਦੀ**<br>**(ਪੁਰਸ਼ ਨਸਬੰਦੀ, ਟਿਊਬਲ ਲਿਗੇਸ਼ਨ)** | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ<br>ਔਰਤਾਂ ਦੀ ਨਸਬੰਦੀ ਦੀਆਂ ਪ੍ਰਕਿਰਿਆਵਾਂ ਪੂਰੀ ਤਰ੍ਹਾਂ ਕਵਰ ਕੀਤੀਆਂ ਗਈਆਂ ਹਨ। | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ<br>ਔਰਤਾਂ ਦੀ ਨਸਬੰਦੀ ਦੀਆਂ ਪ੍ਰਕਿਰਿਆਵਾਂ ਨੂੰ ਲਾਗੂ ਹੋਣ ਵਾਲੀ ਇਹਤਿਆਤੀ ਦੇਖਭਾਲ ਦੀ ਲਾਗਤ ਦੇ ਸ਼ੇਅਰ ਅਤੇ ਲਾਭ ਅਧਿਕਤਮ ਦੇ ਅਧੀਨ ਕਵਰ ਕੀਤਾ ਜਾਂਦਾ ਹੈ। |
| **ਟੈਂਪੋਰੋਮੈਂਡਿਬੁਲਰ ਜੁਆਇੰਟ** (TMJ) ਸੇਵਾਵਾਂ | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ ਲਈ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ | **ਇਨਪੇਸ਼ੈਂਟ:** $100 ਸਹਿ-ਭੁਗਤਾਨ, ਪ੍ਰਤੀ ਦਿਨ 5 ਦਿਨਾਂ ਤੱਕ ਪ੍ਰਤੀ ਦਾਖਲੇ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ<br>**ਆਊਟਪੇਸ਼ੈਂਟ:** $15 ਸਹਿ-ਭੁਗਤਾਨ, ਕਟੌਤੀਯੋਗ ਅਤੇ ਸਹਿ-ਬੀਮਾ ਲਾਗੂ ਹੁੰਦੇ ਹਨ |
| **ਤੰਬਾਕੂ ਛੁਡਾਉਣ ਬਾਰੇ ਕਾਉਂਸਲਿੰਗ** | ਕੁਇਟ ਫ਼ਾਰ ਲਾਈਫ਼ (Quit for Life) ਪ੍ਰੋਗਰਾਮ – ਪੂਰੀ ਤਰ੍ਹਾਂ ਕਵਰਡ | ਲਾਗੂ ਲਾਗਤ ਦੇ ਸ਼ੇਅਰ ਲਾਗੂ ਹੁੰਦੇ ਹਨ |
| **ਅੱਖਾਂ ਦੀ ਰੁਟੀਨ ਜਾਂਚ ਅਤੇ ਆਪਟੀਕਲ ਹਾਰਡਵੇਅਰ** | ਇੱਕ ਵੱਖਰੇ ਬੈਨਿਫ਼ਿਟ ਰਾਹੀਂ ਕਵਰ ਕੀਤਾ ਜਾਂਦਾ ਹੈ: VSP Vision Care. ਇੱਥੋਂ ਹੋਰ ਜਾਣੋ myseiu.be/vsp | ਇੱਕ ਵੱਖਰੇ ਬੈਨਿਫ਼ਿਟ ਰਾਹੀਂ ਕਵਰ ਕੀਤਾ ਜਾਂਦਾ ਹੈ: VSP Vision Care. ਇੱਥੋਂ ਹੋਰ ਜਾਣੋ myseiu.be/vsp |

SEIU 775 BENEFITS GROUP

DELTA DENTAL

# PPO Dental ਪਲਾਨ ਦੀ ਝਲਕ

**ਲਾਗੂ ਹੋਣ ਦੀ ਮਿਤੀ 8/1/2026**

ਇਹ ਸਿਰਫ਼ ਤੁਲਨਾ ਦੇ ਉਦੇਸ਼ ਲਈ ਉਪਲਬਧ ਲਾਭਾਂ ਦਾ ਸੰਖੇਪ ਵੇਰਵਾ ਹੈ ਅਤੇ ਕੋਈ ਇਕਰਾਰਨਾਮਾ ਨਹੀਂ ਹੈ। ਇੱਕ ਵਾਰ ਕਿਸੇ ਪਲਾਨ ਵਿੱਚ ਦਾਖਲ ਕੀਤੇ ਜਾਣ ਤੋਂ ਬਾਅਦ, ਤੁਹਾਡੇ ਕੋਲ ਆਪਣੀ ਲਾਭ ਪੁਸਤਿਕਾ ਤੱਕ ਪਹੁੰਚ ਹੋਵੇਗੀ ਜੋ ਕਿ ਤੁਹਾਡੇ Delta Dental PPO ਪਲਾਨ ਦੇ ਹੋਰ ਵੇਰਵੇ ਪ੍ਰਦਾਨ ਕਰਦੀ ਹੈ। ਜੇ ਤੁਹਾਡੇ ਕੋਈ ਸਵਾਲ ਹਨ ਤਾਂ Delta Dental ਗਾਹਕ ਸੇਵਾ ਵਿਭਾਗ ਨੂੰ **1-800-554-1907** 'ਤੇ ਕਾਲ ਕਰੋ ਜਾਂ **DeltaDentalWA.com** 'ਤੇ ਜਾਓ।

**ਬੈਨਿਫ਼ਿਟ ਮਿਆਦ:**
ਜਨਵਰੀ 1 - ਦਸੰਬਰ 31

**ਬੈਨਿਫ਼ਿਟ ਮਿਆਦ ਅਧਿਕਤਮ*** 
(ਪ੍ਰਤੀ ਵਿਅਕਤੀ; ਸ਼੍ਰੇਣੀ I 'ਤੇ ਲਾਗੂ ਨਹੀਂ ਹੁੰਦਾ): $5,000

**ਆਰਥੋਡੌਂਸ਼ੀਆ—ਬਾਲਗ ਅਤੇ ਬੱਚੇ:**
ਪ੍ਰਤੀ ਵਿਅਕਤੀ $5,000 ਦੀ ਜੀਵਨ ਭਰ ਦੀ ਅਧਿਕਤਮ ਸੀਮਾ ਦੇ ਨਾਲ 50%

*ਕਿਸੇ PDA ਡੈਂਟਿਸਟ ਕੋਲੋਂ ਪ੍ਰਾਪਤ ਕੀਤੀ ਡੈਂਟਲ ਕੇਅਰ ਨੂੰ ਪੂਰੀ ਤਰ੍ਹਾਂ $2,000 ਅਧਿਕਤਮ ਤੱਕ ਕਵਰ ਕੀਤਾ ਜਾਵੇਗਾ, ਜਿੱਥੇ ਸ਼੍ਰੇਣੀ III – ਪ੍ਰਮੁੱਖ ਸੇਵਾਵਾਂ ਦੇ ਨਾਲ ਸਹਿ-ਬੀਮੇ ਤੋਂ ਛੋਟ ਦਿੱਤੀ ਜਾਵੇਗੀ।

## Delta Dental Network

Delta Dental PPO ਨੈੱਟਵਰਕ ਦੇ ਨਾਲ ਤੁਹਾਨੂੰ ਸਭ ਤੋਂ ਵੱਧ ਬੈਨਿਫ਼ਿਟ ਮਿਲਦੇ ਹਨ। ਇਸਦੇ ਨਾਲ ਹੀ ਤੁਸੀਂ Delta Dental Premier® ਨੈੱਟਵਰਕ ਦੀ ਵਰਤੋਂ ਵੀ ਕਰ ਸਕਦੇ ਹੋ, ਜਿਸ ਨਾਲ ਤੁਹਾਡੇ ਕੋਲ ਹੋਰ ਜ਼ਿਆਦਾ ਚੋਣਾਂ ਹੋ ਜਾਂਦੀਆਂ ਹਨ।

## ਮੁਫ਼ਤ Sonicare ਟੁੱਥਬਰੱਸ਼ ਪ੍ਰਾਪਤ ਕਰੋ

Delta Dental ਮੈਂਬਰ ਜੋ ਇੱਕ ਨਵੇਂ ਮਰੀਜ਼ ਵਜੋਂ ਪੈਸੀਫਿਕ ਡੈਂਟਲ ਅਲਾਇੰਸ (Pacific Dental Alliance, PDA) ਪ੍ਰਦਾਤਾ ਕੋਲ ਜਾਂਦੇ ਹਨ, ਉਹ ਇੱਕ ਮੁਫ਼ਤ Sonicare ਟੁੱਥਬ੍ਰੱਸ਼ ਪ੍ਰਾਪਤ ਕਰ ਸਕਦੇ ਹਨ।

ਪੂਰੀ PDA ਪ੍ਰਦਾਤਾ ਸੂਚੀ ਇੱਥੇ ਦੇਖੋ: **myseiu.be/oe-pda**.

| | Delta Dental PPO | Delta Dental Premier | ਆਊਟ-ਆਫ਼-ਨੈੱਟਵਰਕ |
|---|---|---|---|
| **ਬੈਨਿਫ਼ਿਟ ਮਿਆਦ ਕਟੌਤੀਯੋਗ** | | | |
| ਸ਼੍ਰੇਣੀ I ਅਤੇ ਆੱਰਥੋਡੌਂਸ਼ੀਆ 'ਤੇ ਲਾਗੂ ਨਹੀਂ ਹੁੰਦਾ ਹੈ ਆਊਟ-ਆਫ਼-ਨੈੱਟਵਰਕ ($50 ਪ੍ਰਤੀ ਵਿਅਕਤੀ) | $0 | $50 | $50 |
| **ਸ਼੍ਰੇਣੀ 1 - ਡਾਇਗਨੌਸਟਿਕ ਅਤੇ ਰੋਕਥਾਮ ਯੋਗ** | | | |
| ਮੁਆਇਨੇ<br>ਸਾਫ਼-ਸਫ਼ਾਈ<br>ਫਲੋਰਾਈਡ<br>ਐਕਸ-ਰੇ<br>ਸੀਲੰਟ | 100% | 80% | 80% |
| **ਸ਼੍ਰੇਣੀ II - ਰੀਸਟੋਰੇਟਿਵ** | | | |
| ਰੀਸਟੋਰੇਸ਼ਨਾਂ (ਬਹਾਲੀਆਂ)<br>ਪੋਸਟੈਰੀਅਰ ਕੰਪੋਜ਼ਿਟ ਫਿਲਿੰਗਜ਼<br>ਐਂਡੋਡੋਂਟਿਕਸ (ਰੂਟ ਕਨਾਲ)<br>ਪੀਰੀਅਡੌਂਟਿਕਸ<br>ਓਰਲ ਸਰਜਰੀ | 100% | 60% | 60% |
| **ਸ਼੍ਰੇਣੀ III - ਮੇਜਰ** | | | |
| ਨਕਲੀ ਦੰਦਾਂ ਦਾ ਸੈੱਟ<br>ਅੰਸ਼ਕ ਨਕਲੀ ਦੰਦ<br>ਇਮਪਲਾਂਟ<br>ਬਰਿੱਜ<br>ਕ੍ਰਾਊਨ | 80% | 40% | 40% |

| ਵਿਸ਼ੇਸ਼ਤਾਵਾਂ | | | |
|---|---|---|---|
| ਘੱਟ ਤੋਂ ਘੱਟ ਆਊਟ-ਆਫ਼-ਪਾਕੇਟ ਖਰਚੇ | ○ | | |
| ਤੁਹਾਡੇ ਲਈ ਕਲੇਮ ਫ਼ਾਰਮਾਂ ਨੂੰ ਫ਼ਾਈਲ ਕਰਦਾ ਹੈ | ○ | ○ | |
| ਕੁਆਲਿਟੀ ਪ੍ਰਬੰਧਨ ਅਤੇ ਖਰਚੇ ਦੀ ਸੁਰੱਖਿਆ | ○ | ○ | |

**ਡੈਂਟਲ ਐਮਰਜੈਂਸੀ:** ਭਾਗ ਲੈਣ ਵਾਲੇ ਪ੍ਰਦਾਤਾ ਦਫਤਰ ਦੇ ਸਮੇਂ ਦੌਰਾਨ ਡੈਂਟਲ ਐਮਰਜੈਂਸੀ ਲਈ ਇਲਾਜ ਪ੍ਰਦਾਨ ਕਰਾਉਣਗੇ। ਕੰਪਨੀ ਕਿਸੇ ਡੈਂਟਲ ਐਮਰਜੈਂਸੀ ਦੇ ਇਲਾਜ ਲਈ ਭਾਗ ਲੈਣ ਵਾਲੇ ਪ੍ਰਦਾਤਾ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਕਵਰ ਕੀਤੀਆਂ ਗਈਆਂ ਸੇਵਾਵਾਂ ਲਈ ਲਾਭ ਪ੍ਰਦਾਨ ਕਰੇਗੀ। ਜੇ ਦਾਖਲਾ ਲੈਣ ਵਾਲਾ ਕਿਸੇ ਵੀ ਭਾਗੀਦਾਰ ਪ੍ਰਦਾਤਾ ਦਫਤਰ ਤੋਂ 50 ਮੀਲ ਤੋਂ ਵਧੇਰੇ ਦੂਰ ਹੈ ਤਾਂ ਦਾਖਲਾ ਲੈਣ ਵਾਲਾ ਕਿਸੇ ਡੈਂਟਲ ਐਮਰਜੈਂਸੀ ਲਈ ਇਲਾਜ ਨੂੰ ਕਿਸੇ ਗੈਰ-ਭਾਗੀਦਾਰੀ ਪ੍ਰਦਾਤਾ ਕੋਲੋਂ ਦੇਖ ਸਕਦਾ ਹੈ।

SEIU 775 BENEFITS GROUP

Willamette Dental

**ਡੈਂਟਲ ਪਲਾਨ ਦੀ ਝਲਕ**
**ਲਾਗੂ ਹੋਣ ਦੀ ਮਿਤੀ 8/1/2026**

Washington, Inc. ਦੇ Willamette Dental ਦੇ ਦਸਤਖਤਾਂ ਹੇਠ ਜਾਰੀ, ਇਹ ਪਲਾਨ ਵਿਆਪਕ ਕਵਰੇਜ ਮੁਹੱਈਆ ਕਰਦਾ ਹੈ। ਹੇਠਾਂ ਦਿੱਤੀ ਸੂਚੀ ਤੁਹਾਡੇ ਪਲਾਨ ਵਿੱਚ ਕਵਰ ਕੀਤੀਆਂ ਜਾਂਦੀਆਂ ਸਭ ਤੋਂ ਵੱਧ ਆਮ ਪ੍ਰਕਿਰਿਆਵਾਂ ਵਿੱਚੋਂ ਕੁਝ ਕੁ ਲਈ ਜਾਣਕਾਰੀ ਦਿੰਦੀ ਹੈ। ਵਧੇਰੇ ਜਾਣਕਾਰੀ ਲਈ **1-855-433-6825** 'ਤੇ ਕਾਲ ਕਰੋ ਜਾਂ **myseiu.be/oe-willamette** 'ਤੇ ਜਾਓ। ਸੀਮਾਵਾਂ ਅਤੇ ਬੰਦਸ਼ਾਂ ਦੀ ਸੂਚੀ ਲਈ, ਇੱਥੇ ਜਾਓ **myseiu.be/willamette-exclusions**.

| ਬੈਨਿਫ਼ਿਟਸ | ਸਹਿ-ਭੁਗਤਾਨ |
|---|---|
| ਸਲਾਨਾ ਅਧਿਕਤਮ | ਕੋਈ ਸਲਾਨਾ ਅਧਿਕਤਮ ਨਹੀਂ* |
| ਕਟੌਤੀਯੋਗ | ਕੋਈ ਕਟੌਤੀਯੋਗ ਨਹੀਂ |
| ਜਨਰਲ ਅਤੇ ਆਰਥੋਡੌਂਟਿਕ ਦਫ਼ਤਰ ਦੌਰਾ | ਪ੍ਰਤੀ ਦੌਰਾ ਕੋਈ ਸਹਿ-ਭੁਗਤਾਨ ਨਹੀਂ |
| **ਡਾਇਗਨੌਸਟਿਕ ਅਤੇ ਰੋਕਥਾਮ ਯੋਗ ਸੇਵਾਵਾਂ** | |
| ਨਿਯਮਿਤ ਅਤੇ ਐਮਰਜੈਂਸੀ ਜਾਂਚਾਂ, ਐਕਸ-ਰੇ, ਦੰਦਾਂ ਦੀ ਸਾਫ਼-ਸਫ਼ਾਈ, ਫਲੋਰਾਈਡ ਇਲਾਜ, ਸੀਲੰਟਸ (ਪ੍ਰਤੀ ਦੰਦ), ਸਿਰ ਅਤੇ ਗਰਦਨ ਦੀ ਕੈਂਸਰ ਸਕ੍ਰੀਨਿੰਗ, ਓਰਲ ਸਫ਼ਾਈ ਨਿਰਦੇਸ਼, ਪੇਰੀਓਡੋਂਟਲ ਚਾਰਟਿੰਗ, ਪੇਰੀਓਡੋਂਟਲ ਮੁਲਾਂਕਣ | ਦਫ਼ਤਰ ਦੌਰਾ ਸਹਿ-ਭੁਗਤਾਨ ਨਾਲ ਕਵਰ ਕੀਤਾ ਗਿਆ |
| **ਰੀਸਟੋਰੇਟਿਵ ਡੈਂਟਿਸਟ੍ਰੀ** | |
| ਫਿਲਿੰਗਜ਼ (ਅਮਲਗਮ) | ਦਫ਼ਤਰ ਦੌਰਾ ਸਹਿ-ਭੁਗਤਾਨ ਨਾਲ ਕਵਰ ਕੀਤਾ ਗਿਆ |
| ਪੋਰਸਿਲੇਨ-ਮੈਟਲ ਕ੍ਰਾਊਨ | ਤੁਸੀਂ $250 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| **ਪ੍ਰੋਸਥੋਡੌਂਟਿਕਸ(Prosthondotics)** | |
| ਮੁਕੰਮਲ ਉੱਪਰਲਾ ਜਾਂ ਹੇਠਲਾ ਡੈਂਚਰ (ਜਬੜਾ) | ਤੁਸੀਂ $400 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| ਬਰਿੱਜ (ਪ੍ਰਤੀ ਦੰਦ) | ਤੁਸੀਂ $250 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| **ਐਂਡੋਟੋਨਟਿਕਸ ਅਤੇ ਪੇਰੀਓਡੌਂਟਿਕਸ** | |
| ਰੂਟ ਕਨਾਲ ਥੈਰੇਪੀ – ਐਨਟੀਰੀਅਰ | ਤੁਸੀਂ $85 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| ਰੂਟ ਕਨਾਲ ਥੈਰੇਪੀ - ਬਾਈਕਸਪਿਡ | ਤੁਸੀਂ $105 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| ਰੂਟ ਕਨਾਲ ਥੈਰੇਪੀ – ਮੋਲਰ | ਤੁਸੀਂ $130 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| ਓਸੀਅਸ ਸਰਜਰੀ (ਪ੍ਰਤੀ ਕੁਆਡਰੈਂਟ) | ਤੁਸੀਂ $150 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| ਰੂਟ ਪਲਾਨਿੰਗ (ਪ੍ਰਤੀ ਕੁਆਡਰੈਂਟ) | ਤੁਸੀਂ $75 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| **ਓਰਲ ਸਰਜਰੀ** | |
| ਨਿਯਮਤ ਐਕਸਟ੍ਰੈਕਸ਼ਨ (ਇੱਕ ਦੰਦ) | ਦਫ਼ਤਰ ਦੌਰਾ ਸਹਿ-ਭੁਗਤਾਨ ਨਾਲ ਕਵਰ ਕੀਤਾ ਗਿਆ |
| ਸਰਜੀਕਲ ਐਕਸਟ੍ਰੈਕਸ਼ਨ | ਤੁਸੀਂ $100 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| **ਆਰਥੋਡੌਂਟੀਆ ਇਲਾਜ** | |
| ਪੂਰਵ-ਆਰਥੋਡੌਂਟੀਆ ਇਲਾਜ | ਤੁਸੀਂ $150 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ** |
| ਵਿਆਪਕ ਆਰਥੋਡੌਂਟਿਕ ਇਲਾਜ | ਤੁਸੀਂ $1,500 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| **ਡੈਂਟਲ ਇਮਪਲਾਂਟ** | |
| ਡੈਂਟਲ ਇਮਪਲਾਂਟ ਸਰਜਰੀ | ਇਮਪਲਾਂਟ ਲਾਭ ਅਧਿਕਤਮ $1,500 ਪ੍ਰਤੀ ਕੈਲੰਡਰ ਸਾਲ |
| **ਫੁਟਕਲ** | |
| ਸਥਾਨਕ ਅਨੱਸਥੀਸੀਆ | ਦਫ਼ਤਰ ਦੌਰਾ ਸਹਿ-ਭੁਗਤਾਨ ਨਾਲ ਕਵਰ ਕੀਤਾ ਗਿਆ |
| ਡੈਂਟਲ ਲੈਬ ਫ਼ੀਸਾਂ | ਦਫ਼ਤਰ ਦੌਰਾ ਸਹਿ-ਭੁਗਤਾਨ ਨਾਲ ਕਵਰ ਕੀਤਾ ਗਿਆ |
| ਨਾਈਟਰਸ ਆਕਸਾਈਡ | ਤੁਸੀਂ $40 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| ਮਾਹਰ ਦੇ ਦਫ਼ਤਰ ਦਾ ਦੌਰਾ | ਤੁਸੀਂ ਪ੍ਰਤੀ ਦੌਰਾ $30 ਸਹਿ-ਭੁਗਤਾਨ ਦਾ ਭੁਗਤਾਨ ਕਰਦੇ ਹੋ |
| ਖੇਤਰ ਤੋਂ ਬਾਹਰ ਐਮਰਜੈਂਸੀ ਕੇਅਰ ਦੀ ਅਦਾਇਗੀ | ਤੁਸੀਂ $250 ਤੋਂ ਵੱਧ ਦੇ ਖ਼ਰਚਿਆਂ ਦਾ ਭੁਗਤਾਨ ਕਰਦੇ ਹੋ |

*TMJ ਦੀ $1000 ਸਾਲਾਨਾ ਅਧਿਕਤਮ / $5000 ਜੀਵਨ ਭਰ ਅਧਿਕਤਮ ਹੈ **ਜੇ ਮਰੀਜ਼ ਇਲਾਜ ਦੇ ਪਲਾਨ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਵਿਆਪਕ ਆਰਥੋਡੋਨਟੀਆ ਇਲਾਜ ਦੇ ਸਹਿ-ਭੁਗਤਾਨ ਲਈ ਸਹਿ-ਭੁਗਤਾਨ ਜਮ੍ਹਾਂ ਕੀਤਾ ਜਾਂਦਾ ਹੈ। **ਡੈਂਟਲ ਐਮਰਜੈਂਸੀ:** ਭਾਗ ਲੈਣ ਵਾਲੇ ਪ੍ਰਦਾਤਾ ਦਫਤਰ ਦੇ ਸਮੇਂ ਦੌਰਾਨ ਡੈਂਟਲ ਐਮਰਜੈਂਸੀ ਲਈ ਇਲਾਜ ਪ੍ਰਦਾਨ ਕਰਾਉਣਗੇ। ਕੰਪਨੀ ਕਿਸੇ ਡੈਂਟਲ ਐਮਰਜੈਂਸੀ ਦੇ ਇਲਾਜ ਲਈ ਭਾਗ ਲੈਣ ਵਾਲੇ ਪ੍ਰਦਾਤਾ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਕਵਰ ਕੀਤੀਆਂ ਗਈਆਂ ਸੇਵਾਵਾਂ ਲਈ ਲਾਭ ਪ੍ਰਦਾਨ ਕਰੇਗੀ। ਜੇ ਦਾਖਲਾ ਲੈਣ ਵਾਲਾ ਕਿਸੇ ਵੀ ਭਾਗੀਦਾਰ ਪ੍ਰਦਾਤਾ ਦਫਤਰ ਤੋਂ 50 ਮੀਲ ਤੋਂ ਵਧੇਰੇ ਦੂਰ ਹੈ ਤਾਂ ਦਾਖਲਾ ਲੈਣ ਵਾਲਾ ਕਿਸੇ ਡੈਂਟਲ ਐਮਰਜੈਂਸੀ ਲਈ ਇਲਾਜ ਨੂੰ ਕਿਸੇ ਗੈਰ-ਭਾਗੀਦਾਰੀ ਪ੍ਰਦਾਤਾ ਕੋਲੋਂ ਦੇਖ ਸਕਦਾ ਹੈ।

SEIU 775 BENEFITS GROUP

vsp vision

# VSP Advantage Plan ਦੀ ਝਲਕ

**ਲਾਗੂ ਹੋਣ ਦੀ ਮਿਤੀ 8/1/2026**

ਇਹ ਸਿਰਫ਼ ਸੰਖੇਪ ਜਾਣਕਾਰੀ ਹੈ। ਆਪਣੀ ਅੱਖਾਂ ਦੀ ਨਵੀਂ ਬੀਮਾ ਕਵਰੇਜ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ 800-785-0699 'ਤੇ VSP Vision ਨਾਲ ਸੰਪਰਕ ਕਰੋ।

| VSP Advantage Plan ਪੂਰੀ ਸੇਵਾ | |
|---|---|
| **ਸਹਿ-ਭੁਗਤਾਨ (ਜਾਂਚਾਂ / ਐਨਕਾਂ)** | $0 / $0 |
| **ਬਾਰੰਬਾਰਤਾ** | |
| **ਜਾਂਚ** | ਹਰ 12 ਮਹੀਨਿਆਂ ਬਾਅਦ |
| **ਲੈਂਸ** | ਹਰ 12 ਮਹੀਨਿਆਂ ਬਾਅਦ |
| **ਫ਼ਰੇਮ** | ਹਰ 12 ਮਹੀਨਿਆਂ ਬਾਅਦ |
| **VSP ਨੈੱਟਵਰਕ ਪ੍ਰੋਵਾਈਡਰ ਦੇ ਨਾਲ ਬੈਨਿਫ਼ਿਟ** | |
| **ਅੱਖਾਂ ਦੀ ਮੁਕੰਮਲ ਜਾਂਚ** | $0 ਸਹਿ-ਭੁਗਤਾਨ |
| **ਕੰਟੈਕਟ ਲੈਂਸ ਦੀ ਜਾਂਚ** | $0 |
| **ਰੈਟਿਨਲ ਸਕ੍ਰੀਨਿੰਗ** | $0 |
| **ਜ਼ਰੂਰੀ ਡਾਕਟਰੀ ਅੱਖਾਂ ਦੀ ਦੇਖਭਾਲ** | ਮੈਡੀਕਲ ਪਲਾਨ ਵਿੱਚ ਕਵਰ ਕੀਤੀ ਗਈ ਹੈ<br>ਦਫ਼ਤਰ ਵਿੱਚ ਮੁਲਾਕਾਤਾਂ ਲਈ ਲਾਗਤ ਹਿੱਸੇਦਾਰੀ ਲਾਗੂ ਹੁੰਦੀ ਹੈ |
| **ਲੈਂਸ** | |
| **ਸਿੰਗਲ ਵਿਜ਼ਨ** | ਕਵਰ ਕੀਤਾ ਗਿਆ |
| **ਲਾਈਨਡ ਬਾਈਫੋਕਲ** | ਕਵਰ ਕੀਤਾ ਗਿਆ |
| **ਲਾਈਨਡ ਟ੍ਰਾਈਫੋਕਲ** | ਕਵਰ ਕੀਤਾ ਗਿਆ |
| **ਅਲਾਓਂਸ (ਭੱਤੇ)*** | |
| **ਰਿਟੇਲ ਫਰੇਮ ਅਲਾਓਂਸ** | $250 |
| **ਫੀਚਰਡ ਫਰੇਮ ਬ੍ਰਾਂਡ ਅਲਾਓਂਸ** | $270 |
| **Costco ਦੇ ਬਰਾਬਰ ਦਾ ਫਰੇਮ** | $250 |
| **ਇਲੈਕਟਿਵ ਕੰਟੈਕਟ ਲੈਂਸ**<br>ਲੈਂਸ ਜਾਂ ਫਰੇਮ ਦੇ ਬਦਲੇ | $600 |
| **ਲੈਂਸ ਇਨਹਾਂਸਮੈਂਟ ਲਈ ਆਊਟ-ਆੱਫ਼-ਪਾਕੇਟ ਖਰਚ** | |
| **ਪੌਲੀਕਾਰਬੋਨੇਟ** | ਕਵਰ ਕੀਤਾ ਗਿਆ |
| **ਐਂਟੀ-ਰਿਫ਼ਲੈਕਟਿਵ ਕੋਟਿੰਗ** | $40 ਸਹਿ-ਭੁਗਤਾਨ |
| **ਸਕ੍ਰੈਚ ਅਤੇ ਯੂਵੀ ਕੋਟਿੰਗ** | ਕਵਰ ਕੀਤਾ ਗਿਆ |
| **ਹਾਈ ਇੰਡੈਕਸ** | ਕਵਰ ਕੀਤਾ ਗਿਆ |
| **ਫੋਟੋਕ੍ਰੋਮਿਕ** | ਕਵਰ ਕੀਤਾ ਗਿਆ |
| **ਸਟੈਂਡਰਡ ਪ੍ਰੋਗਰੈਸਿਵਜ਼** | ਕਵਰ ਕੀਤਾ ਗਿਆ |
| **ਕਸਟਮ/ਪ੍ਰੀਮੀਅਮ ਪ੍ਰੋਗਰੈਸਿਵਜ਼** | $55 ਸਹਿ-ਭੁਗਤਾਨ |
| **ਹੋਰ ਸਾਰੇ ਛੋਟ ਵਾਲੇ ਲੈਂਸ ਇਨਹਾਂਸਮੈਂਟ** | 30% |

| ਗੈਰ-VSP ਪ੍ਰੋਵਾਈਡਰ ਅਲਾਓਂਸ | |
|---|---|
| **ਜਾਂਚ** | $45 |
| **ਸਿੰਗਲ ਵਿਜ਼ਨ** | $30 |
| **ਬਾਈਫੋਕਲ** | $50 |
| **ਟ੍ਰਾਈਫੋਕਲ** | $65 |
| **ਲੈਨਟਿਕੁਲਰ** | $100 |
| **ਪ੍ਰੋਗਰੈਸਿਵ ਲੈਂਸ** | $50 |
| **ਫ਼ਰੇਮ** | $70 |
| **ਇਲੈਕਟਿਵ ਕੰਟੈਕਟ ਲੈਂਸ**<br>ਲੈਂਸ ਜਾਂ ਫਰੇਮ ਦੇ ਬਦਲੇ | $105 |

aetna : SEIU HEALTHCARE NW HEALTH BENEFITS TRUST
Aetna Choice® POS II - Core Plan -R

**ਕਵਰੇਜ**: **ਵਿਅਕਤੀਗਤ + ਪਰਿਵਾਰ** | **ਪਲਾਨ ਦੀ ਕਿਸਮ**: POS

**ਲਾਭਾਂ ਅਤੇ ਕਵਰੇਜ ਦਾ ਸਾਰ** (SBC) **ਦਸਤਾਵੇਜ਼ ਤੁਹਾਨੂੰ ਇੱਕ ਹੈਲਥ ਪਲਾਨ ਚੁਣਨ ਵਿੱਚ ਮਦਦ ਕਰੇਗਾ।** SBC **ਤੁਹਾਨੂੰ ਦਿਖਾਉਂਦਾ ਹੈ ਕਿ ਤੁਸੀਂ ਅਤੇ ਪਲਾਨ ਕਵਰ ਕੀਤੀਆਂ ਸਿਹਤ ਦੇਖਭਾਲ ਸੇਵਾਵਾਂ ਦੀ ਲਾਗਤ ਨੂੰ ਕਿਵੇਂ ਸਾਂਝਾ ਕਰੋਗੇ। ਨੋਟ**: **ਇਸ ਪਲਾਨ** (**ਜਿਸ ਨੂੰ ਪ੍ਰੀਮੀਅਮ ਕਿਹਾ ਜਾਂਦਾ ਹੈ**) **ਦੀ ਲਾਗਤ ਬਾਰੇ ਜਾਣਕਾਰੀ ਵੱਖਰੇ ਤੌਰ 'ਤੇ ਪ੍ਰਦਾਨ ਕੀਤੀ ਜਾਵੇਗੀ। ਇਹ ਸਿਰਫ਼ ਇੱਕ ਸਾਰ ਹੈ।** ਆਪਣੇ ਕਵਰੇਜ ਬਾਰੇ ਹੋਰ ਜਾਣਕਾਰੀ ਲਈ, ਜਾਂ ਕਵਰੇਜ ਦੀਆਂ ਸਮੁੱਚੀਆਂ ਸ਼ਰਤਾਂ ਦੀ ਕਾਪੀ ਪ੍ਰਾਪਤ ਕਰਨ ਲਈ, www.HealthReformPlanSBC.com 'ਤੇ ਜਾਓ ਜਾਂ 1-800-370-4526 'ਤੇ ਕਾਲ ਕਰੋ। ਆਮ ਸ਼ਬਦਾਂ ਦੀਆਂ ਸਧਾਰਣ ਪਰਿਭਾਸ਼ਾਵਾਂ ਲਈ, ਜਿਵੇਂ ਕਿ ਮਨਜ਼ੂਰਸ਼ੁਦਾ ਰਕਮ, ਬਕਾਇਆ ਬਿਲਿੰਗ, ਸਹਿ-ਬੀਮਾ, ਸਹਿ-ਭੁਗਤਾਨ, ਕਟੌਤੀਯੋਗ ਰਕਮ, ਪ੍ਰਦਾਤਾ, ਜਾਂ ਹੋਰ ਰੇਖਾਂਕਿਤ ਸ਼ਰਤਾਂ ਲਈ, ਸ਼ਬਦਾਵਲੀ ਦੇਖੋ। ਤੁਸੀਂ https://www.healthcare.gov/sbc-glossary/ 'ਤੇ ਸ਼ਬਦਾਵਲੀ ਦੇਖ ਸਕਦੇ ਹੋ ਜਾਂ ਕਾਪੀ ਦੀ ਬੇਨਤੀ ਕਰਨ ਲਈ 1-800-370-4526 'ਤੇ ਕਾਲ ਕਰ ਸਕਦੇ ਹੋ।

| ਮਹੱਤਵਪੂਰਨ ਸਵਾਲ | ਉੱਤਰ | ਇਹ ਮਹੱਤਵਪੂਰਨ ਕਿਉਂ ਹੈ: |
|---|---|---|
| **ਸਮੁੱਚੀ ਕਟੌਤੀਯੋਗ ਰਕਮ ਕੀ ਹੈ**? | $0. ਨੈੱਟਵਰਕ ਤੋਂ ਬਾਹਰ: ਵਿਅਕਤੀਗਤ $500/ ਪਰਿਵਾਰ $1,000. | ਆਮ ਤੌਰ 'ਤੇ, ਇਸ ਪਲਾਨ ਦਾ ਭੁਗਤਾਨ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ ਪ੍ਰਦਾਤਾਵਾਂ ਤੋਂ ਕਟੌਤੀਯੋਗ ਰਕਮ ਤੱਕ ਸਾਰੀਆਂ ਲਾਗਤਾਂ ਦਾ ਭੁਗਤਾਨ ਕਰਨਾ ਪਵੇਗਾ। ਜੇ ਤੁਹਾਡੇ ਕੋਲ ਪਲਾਨ ਵਿੱਚ ਪਰਿਵਾਰ ਦੇ ਹੋਰ ਮੈਂਬਰ ਹਨ ਤਾਂ ਹਰੇਕ ਪਰਿਵਾਰਕ ਮੈਂਬਰ ਨੂੰ ਆਪਣੇ ਖੁਦ ਦੇ ਕਟੌਤੀਯੋਗ ਦੀ ਲੋੜਾਂ ਨੂੰ ਉਦੋਂ ਤੱਕ ਪੂਰਾ ਕਰਨਾ ਚਾਹੀਦਾ ਹੈ ਜਦੋਂ ਤੱਕ ਸਮੁੱਚੀ ਕਟੌਤੀਯੋਗ ਰਕਮ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਪਰਿਵਾਰ ਦੇ ਸਾਰੇ ਮੈਂਬਰਾਂ ਦੁਆਰਾ ਕਟੌਤੀਯੋਗ ਖਰਚਿਆਂ ਦੀ ਕੁੱਲ ਰਕਮ ਦਾ ਭੁਗਤਾਨ ਨਹੀਂ ਕੀਤਾ ਜਾਂਦਾ। |
